
**ਸੁਲਤਾਨਪੁਰ** :- ਗੁਰੂ ਜੀ, ਭਾਈ ਮਰਦਾਨਾ ਜੀ ਅਤੇ ਹੋਰ ਸ਼ਰਧਾਲੂ ਅਯੁਧਿਆਂ ਤੋਂ 60 ਕਿ.ਮੀ. ਚੱਲ ਕੇ **ਖਾਨਪੁਰ ਮਸੋਦਾ, ਪਿੱਪਰੀ, ਬਸੰਤਪਰ, ਗੁਪਤਾਰਗੰਜ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ **1200 ਬੀ. ਸੀ. ਤੋਂ ਵੀ ਪਹਿਲਾਂ ਦੇ ਗੋਮਤੀ ਨਦੀ ਕਿਨਾਰੇ ਵਸੇ ਸ਼ਹਿਰ ਸੁਲਤਾਨਪੁਰ** ਪਹੁੰਚ ਗਏ। ਇਥੋਂ ਦੇ ਵਾਸਿਆਂ ਨੂੰ ਗੁਰੂ ਜੀ ਨੇ ਆਪਸ ਵਿੱਚ ਮਿੱਲਜੁਲ ਕੇ ਰਹਿਣ ਦਾ ਉਪਦੇਸ਼ ਦਿੱਤਾ ਅਤੇ ਸ੍ਰਿਸ਼ਟੀ ਦੇ ਰਚਨਹਾਰੇ ਇਕ ਰਬ ਨੂੰ ਧਿਆਉਣ ਲਈ ਪਰਪੱਕ ਕਰਵਾ ਕੇ ਅੱਗੇ ਤੁਰ ਪਏ।





**ਗੁਰਦੁਆਰਾ ਸਾਹਿਬ, ਸੁਲਤਾਨਪੁਰ (ਉੱਤਰ ਪ੍ਰਦੇਸ਼)**

**ਪ੍ਰਯਾਗਰਾਜ (ਉੱਤਰ ਪ੍ਰਦੇਸ਼):** ਗੁਰੂ ਜੀ ਸੁਲਤਾਨਪੁਰ ਤੋਂ 100 ਕਿ. ਮੀ. ਚਲ ਕੇ **ਧਯਾਗੀਪੁਰ, ਅਲਾਹਾਬਾਦਪੁਰ, ਆਲਮਪੁਰ, ਸੁੰਦਰਪੁਰ** ਆਦਿ ਵਿੱਚ ਅਲਾਹੀ ਬਚਨ ਕਰਦਿਆਂ **ਪ੍ਰਤਾਪਗੜ੍ਹ** ਤੋਂ **ਸਰਾਏ ਰਾਜਾ, ਰਾਮਾਈਪੁਰ, ਫਾਫਾਮਾਊ**, ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ **ਪ੍ਰਯਾਗਰਾਜ** ਪਹੁੰਚ ਗਏ।



**ਇਹ ਸ਼ਹਿਰ 1800–1200 ਬੀ.ਸੀ. ਈ. ਤੋਂ ਵੀ ਪਹਿਲੋਂ ਦਾ ਵਸਿਆ ਹੋਇਆ ਹੈ।**

ਉਥੇ ਇਕ ਵਿਸ਼ਾਲ **ਬਰਗਦ (ਬੋਹੜ) ਦਾ ਬ੍ਰਿਛ ਹੈ** ਜਿਸ ਨੂੰ ਅਖ਼ਸ਼ੇ ਵੀ ਆਖਿਆ ਜਾਂਦਾ ਹੈ। ਪੰਡਿਆਂ ਨੇ ਇਹ ਦੰਦ ਕਥਾਵਾਂ ਪੱਕੀਆਂ ਕੀਤੀਆਂ ਹੋਈਆਂ ਸਨ ਕਿ ਜੋ ਮਨੁੱਖ ਅਪਣਾ ਸਾਰਾ ਧਨ ਦਾਨ ਵਿੱਚ ਦੇ ਕੇ ਇਸ ਬ੍ਰਿਛ ਦੀ ਚੋਟੀ ਤੋਂ ਛਾਲ ਮਾਰ ਕੇ ਆਤਮ-ਹੱਤਿਆ ਕਰ ਲਵੇਗਾ। ਉਹ ਸਿੱਧਾ ਬੈਕੁੰਠ ਧਾਮ ਨੂੰ ਜਾਵੇਗਾ।

ਇਕ ਮਨੁੱਖ ਪੰਡਿਆ ਦੇ ਝਾਂਸੇ ਵਿੱਚ ਆ ਕੇ ਅਪਣਾ ਸਾਰਾ ਧਨ ਪੰਡਿਆਂ ਨੂੰ ਦਾਨ ਕਰਕੇ ਆਤਮ ਹੱਤਿਆ ਕਰਨ ਲਈ ਬ੍ਰਿਛ ਤੇ ਚੱੜ ਕੇ ਛਾਲ ਮਾਰਨ ਨੂੰ ਤਿਆਰ ਹੋਇਆ ਬੈਠਾ ਸੀ। ਪਰ ਠੀਕ ਉਸ ਵੇਲੇ ਗੁਰੂਦੇਵ ਜੀ ਉਸ ਥਾਂ ਤੇ ਪਹੁੰਚ ਗਏ ਅਤੇ ਉਨ੍ਹਾਂ ਨੇ ਉੱਪਰ ਚੜੇ ਹੋਏ ਮਨੁੱਖ ਨੂੰ ਮੂਰਖ਼ਤਾ ਕਰਨ ਤੋਂ ਸਾਵਧਾਨ ਕੀਤਾ ਅਤੇ ਪੰਡਿਆਂ ਨੂੰ ਫਿਟਕਾਰਿਆ ਕਿ ਤੁਸੀਂ ਭੋਲੇ-ਭਾਲੇ ਲੋਕਾਂ ਤੋਂ ਧਨ ਠੱਗਦੇ ਹੋ। ਗੁਰੂਦੇਵ ਜੀ ਦੇ ਦਖਲ ਦੇਣ ਨਾਲ ਇਹ ਦੁਰਘਟਨਾ ਹੁੰਦੇ-ਹੁੰਦੇ ਟਲ ਗਈ। ਉਹ ਮਨੁੱਖ ਹੇਠਾਂ ਉੱਤਰ ਆਇਆ।

ਉਥੇ ਖਲੋਤੇ ਸਾਰੇ ਦਰਸ਼ਕਾਂ ਦੇ ਮਨ ਵਿੱਚ ਵੱਸੇ ਅੰਧ ਵਿਸ਼ਵਾਸ ਤੋਂ ਪਰਦਾ ਹਟਾ ਕੇ ਗੁਰਮਤਿ ਗਿਆਨ ਦੁਆਰਾ ਜਾਗ੍ਰਿਤੀ ਲਿਆਉਣ ਲਈ ਗੁਰੂਦੇਵ ਜੀ ਨੇ ਉਪਦੇਸ਼ ਦੇਣਾ ਆਰੰਭ ਕੀਤਾ ਕਿ ਇਹ ਸਾਡਾ ਸਰੀਰ ਅਨਮੋਲ ਖਜਾਨਾ ਹੈ। ਇਹ ਸਾਨੂੰ ਦੁਬਾਰਾ ਪ੍ਰਾਪਤ ਨਹੀਂ ਹੁੰਦਾ। ਇਸ ਨੂੰ ਬਿਨਾਂ ਕਾਰਨ ਖਤਮ ਨਹੀਂ ਕਰਨਾ ਚਾਹੀਦਾ।

ਇਹ ਸੰਸਾਰ ਸਾਡੀ ਕਰਮਭੂਮੀ ਹੈ, ਇੱਥੇ ਮਨੁੱਖ ਨੂੰ ਪ੍ਰਭੂ ਨਾਮ ਸਿਮਰਨ ਦੀ ਕਮਾਈ ਕਰਨੀ ਚਾਹੀਦੀ ਹੈ, ਜੋ ਕਿ ਇਕ ਮਾਤ੍ਰ ਮੁਕਤੀ ਦਾ ਸਾਧਨ ਹੈ, ਜਿਸ ਨਾਲ ਸਾਨੂੰ ਸਾਰੇ ਆਵਾਗਵਨ ਦੇ ਚੱਕ੍ਰਾਂ ਤੋਂ ਮੁਕਤੀ ਪ੍ਰਾਪਤ ਹੋ ਸਕਦੀ ਹੈ। ਇਸ ਲਈ ਸਾਨੂੰ ਕਿਸੇ ਤਰਾਂ ਦੀ ਦੁਬਿਧਾ ਵਿੱਚ ਨਹੀਂ ਪੈਣਾ ਚਾਹੀਦਾ ਸਿਰਫ ਸੱਚ ਦੇ ਰਾਹ ਤੇ ਚੱਲਣ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ। ਸੱਚ ਤੇ ਸੱਚਾਈ ਹੀ ਲੋਕ ਪ੍ਰਲੋਕ ਵਿੱਚ ਸਹਾਈ ਹੁੰਦੀ ਹੈ।

ਗੁਰੁਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਰਬਾਬ ਛੇੜਨ ਲਈ ਆਖਿਆ ਅਤੇ ਆਪ ਜੀ ਇਹ ਅਲਾਹੀ ਬਾਣੀ ਉਚਾਰਣ ਕਰਨ ਲੱਗੇ:-


"ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ-ਮਸਾਣਿ ਨ ਜਾਈ ।। ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ ।।
ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ ।। ਤੂ ਆਪੇ ਦਾਨਾ ਆਪੇ ਬੀਨਾ ਤੂ ਦੇਵਹਿ ਮਤਿ ਸਾਈ ।।੧।। ਅੰਗ- ੬੩੪

ਗੁਰੂ ਜੀ ਦੇ ਮੁਖਾਰ ਬਿੰਦ ਚੋਂ ਨਿਕਲੀ ਅਲਾਹੀ ਬਾਣੀ ਸੁਣ ਕੇ ਸਾਰੇ ਪੰਡੇ ਅਤੇ ਦਰਸ਼ਕ ਗੁਰੂ ਜੀ ਦੇ ਚਰਨੀ ਆਣ ਪਏ ਅਤੇ ਅੱਗੇ ਤੋਂ ਅਜਿਹਾ ਕੁਕਰਮ ਕਰਨ ਤੋਂ ਤੋਬਾ ਕੀਤੀ।






**ਜੌਂਨਪੁਰ (ਉੱਤਰਪ੍ਰਦੇਸ਼):** ਗੁਰੂ ਜੀ, ਮਰਦਾਨਾ ਜੀ ਅਤੇ ਸ਼ਰਧਾਲੂ ਪ੍ਰਯਾਗਰਾਜ ਤੋਂ 100 ਕਿ.ਮੀ. ਚੱਲ ਕੇ **ਕਟਾਕਾ, ਸਾਹਸਨ, ਬਾਬੂਗੰਜ, ਫੂਲਪੁਰ, ਵਰਨਾ, ਮੂਗਰਾ, ਸਰਾਇ, ਪਨਵਾਰਨ, ਸਿਕਾਰਾ** ਆਦਿ ਵਿੱਚ ਅਲਾਹੀ ਬਚਨ ਕਰਦਿਆਂ ਜੌਂਨਪੁਰ ਦੇ ਖੇਤਾਂ ਵਿੱਚ ਜਾ ਠਹਿਰੇ। ਮਰਦਾਨੇ ਨੂੰ ਰਬਾਬ ਛੇੜਨ ਲਈ ਆਖਿਆ ਅਤੇ ਅਲਾਹੀ ਕਿਰਤਨ ਆਰੰਭ ਕਰ ਦਿੱਤਾ। ਮਧੁਰ ਕੀਰਤਨ ਸੁਣ ਕੇ ਖੇਤਾਂ ਦਾ ਰਖਵਾਲਾ ਆਪ ਜੀ ਦੇ ਕੋਲ ਆ ਬੈਠਾ। ਉਹ ਆਪਣੇ ਖੇਤਾਂ ਵਿੱਚੋਂ ਚਣਿਆਂ (ਛੋਲਿਆਂ) ਦੇ ਬੂਟੇ ਪੁੱਟ ਕੇ ਹੋਲਾਂ ਭੁੰਨ ਲਿਆਇਆ। ਗੁਰੂਦੇਵ ਜੀ ਨੇ ਉਸ ਨੂੰ ਆਸੀਸ ਦਿੱਤੀ, ਤੂੰ ਤਾਂ ਸੁਲਤਾਨਾਂ ਵਾਲਾ ਵਿਸ਼ਾਲ ਹਿਰਦਾ ਰਖਦਾ ਹੈਂ। ਉਹ ਜਵਾਨ ਸਾਰੀ ਰਾਤ ਗੁਰੂਦੇਵ ਜੀ ਦੇ ਪਾਸ ਬੈਠ ਕੇ ਕੀਰਤਨ ਦਾ ਆਨੰਦ ਮਾਣਦਾ ਰਿਹਾ। ਸਵੇਰ ਹੋਣ ਤੋਂ ਪਹਿਲਾਂ ਗੁਰੂਦੇਵ ਜੀ ਨੇ ਉਸ ਨੂੰ ਆਖਿਆ, "ਬੈਟਾ, ਹੁਣ ਘਰ ਜਾਓ, ਵਿਧਾਤਾ ਤੇਰੇ ਤੇ ਪ੍ਰਸੰਨ ਹੋਣ ਵਾਲਾ ਹੈ।" ਜਦੋਂ ਉਹ ਆਪਣੇ ਮਾਲਿਕ ਹਸਨ ਖਾਂ ਸੁੱਕੀ, ਜਾਗੀਦਾਰ ਦੇ ਘਰ ਪੁੱਜਾ, ਉੱਥੋਂ ਤੱਕ ਉਹ ਕਾਲ ਵੱਸ ਹੋ ਚੁਕਾ ਸੀ। ਉਸ ਦੀ ਕੋਈ ਸੰਤਾਨ ਨਹੀਂ ਸੀ, ਇਸ ਲਈ ਉਸ ਨੇ ਪ੍ਰਾਣ ਤਿਆਗਣ ਤੋਂ ਪਹਿਲਾਂ ਅਪਣੀ ਸਾਰੀ ਜਾਇਦਾਦ ਸ਼ੇਰਖਾਨ ਦੇ ਨਾਮ ਕਰ ਦਿੱਤੀ। ਪੰਚਾਇਤ ਨੇ ਸ਼ੇਰ ਖਾਨ ਨੂੰ ਤੁਰੰਤ ਜਾਗੀਦਾਰ ਦਾ ਉਤਰਾਧਿਕਾਰੀ ਥਾਪ ਦਿੱਤਾ।


14ਵੀਂ ਸਦੀ ਵਿੱਚ ਫੀਰੋਜ਼ ਸ਼ਾਹ ਤੁਗਲਕ ਨੇ ਵੱਸਾਇਆ

ਨੋਟ:- ਗੁਰੂਦੇਵ ਜੀ ਦੀ ਅਸੀਸ ਰੰਗ ਲਿਆਈ। ਜੋ ਸ਼ੇਰ ਖ਼ਾਨ, ਸ਼ੇਰ ਸ਼ਾਹ ਸੂਰੀ ਦੇ ਨਾਮ ਨਾਲ ਭਾਰਤ ਵਰਸ਼ ਦਾ ਸੁਲਤਾਨ ਬਣ ਗਿਆ।



ਗੁਰਦੁਆਰਾ ਸਾਹਿਬ, ਜੌਂਨਪੁਰ

**ਵਾਰਾਨਾਸੀ/ਬਨਾਰਸ਼ (ਉੱਤਰਪ੍ਰਦੇਸ਼):** ਗੁਰੂ ਜੀ, ਮਰਦਾਨਾ ਜੀ ਅਤੇ ਸ਼ਰਧਾਲੂ ਜੌਨਪੁਰ ਤੋ **70** ਕਿ. ਮੀ. ਚੱਲ ਕੇ **ਨੇਵਾਦਾ, ਗੋਪੀਪੁਰ, ਲਾਲਪੁਰ, ਸਮੋਗਰਾ, ਹਰੂਆ ਆਦਿ** ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਬਨਾਰਸ਼ ਪਹੁੰਚ ਗਏ। ਇਹ ਸ਼ਹਿਰ **3000** ਸਾਲ ਪਹਿਲਾਂ ਸ਼ਿਵਜੀ ਮਹਾਰਾਜ ਦੇ ਸਮੇਂ ਵਿੱਚ ਵੱਸਿਆ ਹੋਇਆ ਹੈ। ਇੱਥੇ ਸ਼ਿਵਰਾਤਰੀ ਦਾ ਮੇਲਾ ਚੱਲ ਰਿਹਾ ਸੀ। ਉੱਥੇ ਦੇ ਪੰਡਿਆਂ ਨੇ ਇਹ ਧਾਰਣਾ ਫੈਲਾਹੀ ਹੋਈ ਸੀ। ਕਿ ਸ਼ਿਵਰਾਤਰੀ ਮੌਕੇ ਤੇ ਜੇਕਰ ਕੋਈ ਮਨੁੱਖ ਆਪਣਾ ਸਭ ਕੁਝ ਦਾਨ ਕਰਕੇ । ਸ਼ਿਵ ਮੰਦਿਰ ਵਿੱਚ ਇਕ ਖਾਸ ਕਿਸਮ ਦੇ ਫਿੱਟ ਕੀਤੇ ਹੋਏ ਆਰੇ (ਕਰਵਤ) ਨਾਲ ਆਪਣੇ ਸ਼ਰੀਰ ਦੇ ਦੋ ਟੁਕੜੇ ਕਰਵਾ ਲਵੇ ਤਾਂ ਉਸ ਨੂੰ ਮੁਕਤੀ ਪ੍ਰਾਪਤ ਹੋਵੇਗੀ।



ਕਾਸ਼ੀ ਨਾਮੀ ਇਸ ਸ਼ਹਿਰ ਵਿੱਚ ਮਹਾਂਤਮਾ ਬੁਧ ਜੀ 5ਵੀਂ ਸਦੀ ਬੀ.ਸੀ.ਈ. ਵਿੱਚ ਪ੍ਰਵਚਨ ਕਰਿਆ ਕਰਦੇ ਸਨ।

ਉੱਥੋਂ ਦਾ **ਰਾਜਾ ਹਰੀਨਾਥ, ਪਰਮਪਦ** ਪ੍ਰਾਪਤ ਕਰਨ ਦੀ ਇੱਛਾ ਰੱਖਦਾ ਸੀ। ਉਸ ਨੇ ਅਪਣੇ ਬੇਟੇ ਨੂੰ ਅਪਣਾ ਵਾਰਸ ਬਣਾ ਕੇ ਬਹੁਤ ਵੱਡੀ ਰਕਮ ਦਾਨ -ਦੱਖਣਾ ਵਿੱਚ ਪੰਡਿਆਂ ਨੂੰ ਦੇ ਦਿੱਤੀ ਅਤੇ ਆਪ ਆਰੇ ਦੇ ਹੇਠਾਂ ਚੀਰੇ ਜਾਣ ਲਈ ਬੈਠ ਗਿਆ।

ਗੁਰੂ ਨਾਨਕ ਦੇਵ ਜੀ ਸਮੇਂ ਸਿਰ ਉੱਥੇ ਅਪੜ ਗਏ। ਕੀ ਵੇਖਦੇ ਹਨ ਕਿ ਰਾਜਾ ਹਰੀਨਾਥ **ਕਰਵਤ (ਆਰੇ)** ਦੇ ਹੇਠਾਂ ਬੈਠਾ ਹੈ।

ਪੰਡਿਆਂ ਨੇ ਸਿਰਫ ਇਕ ਵਾਰ ਹੌਲੀ ਜਿਹੀ ਆਰਾ ਸਿਰ ਉਤੇ ਚਲਾਇਆ ਜਿਸ ਨਾਲ ਖ਼ੂਨ ਦੇ ਫੌਵਾਰੇ ਛੁੱਟ ਪਏ। ਪੰਡਿਆਂ ਨੇ ਦੂਜੀ ਵਾਰ ਆਰਾ ਨਹੀਂ ਚਲਾਇਆ ਅਤੇ ਗੁਰੂ ਜੀ ਵੱਲ ਇਸ਼ਾਰਾ ਕਰਕੇ ਰੌਲਾ ਪਾ ਦਿੱਤਾ ਕਿ ਪਾਪੀ ਆ ਗਿਆ-ਪਾਪੀ ਆ ਗਿਆ। ਜਿਸ ਕਾਰਣ ਇਹ ਆਰਾ ਦੇਵਤਿਆਂ ਨੇ ਰੋਕ ਲਿਆ ਹੈ। ਹੁਣ ਇਹ ਓਦੋਂ ਚਲੇਗਾ ਜਦੋਂ ਰਾਜੇ ਦਾ ਪੁੱਤ੍ਰ ਦੁਬਾਰਾ ਦੇਵਤਿਆਂ ਦੀ ਇੱਛਾ ਦੇ ਅਨੁਕੂਲ ਦਾਨ ਕਰੇਗਾ।

ਇਹ ਸੁਣ ਕੇ ਰਾਜੇ ਹਰੀਨਾਥ ਦਾ ਪੁੱਤਰ ਕਹਿਣ ਲੱਗਾ, "ਪਿਤਾ ਜੀ ਨੇ ਆਪ ਲੋਕਾਂ ਨੂੰ ਲਗਭਗ ਸਾਰਾ ਕੁਝ ਤਾਂ ਦਾਨ ਵਿੱਚ ਦੇ ਦਿੱਤਾ ਹੈ। ਪੰਡੇ ਕਹਿਣ ਲੱਗੇ ਤੇਰੇ ਕੋਲ ਹੁਣ ਵੀ ਪਿਤਾ ਪੁਰਖੀ ਜਾਗੀਰ ਹੈ, ਉਹ ਵੀ ਸਾਨੂੰ ਦੇ ਦੇਹ।

ਦਰਦ ਨਾਲ ਕੁਰਲਾਉਂਦੇ ਹੋਏ ਰਾਜਾ ਹਰੀਨਾਥ ਨੇ ਪੁੱਤਰ ਨੂੰ ਕਿਹਾ, ਮੈਂ ਮੰਝਧਾਰ ਵਿੱਚ ਹਾਂ, ਜਲਦੀ ਨਾਲ ਮੈਨੂੰ ਮੁਕਤੀ ਦਿਵਾਓ।" ਤਦ ਪੰਡਿਆਂ ਨੇ ਯੁਵਰਾਜ ਨੂੰ ਆਖਿਆ, **"ਆਪ, ਮਾਇਆ ਦਾ ਮੋਹ ਨਾ ਕਰੋ ਜਲਦੀ ਨਾਲ ਸਾਨੂੰ ਵਚਨ ਦਿਓ ਤਾਂਕਿ ਦੇਵਤਾ ਲੋਕ ਪ੍ਰਸੰਨ ਹੋਕੇ ਆਰੇ ਨੂੰ ਫਿਰ ਤੋਂ ਚਲਣ ਦਾ ਹੁਕਮ ਦੇਵਨ"।**

ਇਹ ਸਭ ਕੁਝ ਦੇਖ ਸੁਣ ਕੇ ਗੁਰੂ ਜੀ ਦੀ ਆਤਮਾ ਕੁਰਲਾ ਉੱਠੀ ਆਪਣੇ ਸਾਥੀਆਂ ਸਮੇਤ ਇਕਦੰਮ ਗਰਜਵੀਂ ਆਵਾਜ਼ ਵਿੱਚ ਪੰਡਿਆਂ ਨੂੰ ਲਲਕਾਰਿਆ:- **"ਬੰਦ ਕਰੋ ਇਹ ਪਖੰਡ"** ਇਹ ਸੁਣ ਕੇ ਸਾਰੇ ਪੰਡੇ ਠਠੰਬਰ ਗਏ। ਫਿਰ ਗੁਰੂ ਜੀ ਨੇ ਯੁਵਰਾਜ ਨੂੰ ਪ੍ਰੇਰਨਾ ਦਿੱਤੀ ਕਿ ਉਹ ਇਨ੍ਹਾਂ ਪੰਡਿਆਂ ਦੇ ਚੁੰਗਲ ਵਿੱਚੋਂ ਨਿਕਲ ਕੇ ਆਪਣੇ ਪਿਤਾ ਨੂੰ ਬਚਾ ਲਵੇ। ਤਦ ਯੁਵਰਾਜ ਵਿੱਚ ਆਤਮ ਬਲ ਜਾਗਿਆ ਅਤੇ ਉਸ ਨੇ ਆਪਣੇ ਅਹਿਲਕਾਰਾਂ ਨੂੰ ਹੁਕਮ ਦਿੱਤਾ ਕਿ ਉਹ, ਪੰਡਿਆਂ ਨੂੰ ਬੰਦੀ ਬਣਾ ਲੈਣ ਅਤੇ ਰਾਜਾ ਹਰੀਨਾਥ ਨੂੰ ਆਰੇ ਹੇਠੋਂ ਕਢ ਲੈਣ।

ਸਿਰ ਦਾ ਜਖਮ ਜ਼ਿਆਦਾ ਗਹਿਰਾ ਨਾ ਹੋਣ ਕਰਕੇ ਰਾਜੇ ਦੀ ਜਾਣ ਬਚ ਗਈ:

ਗੁਰੂ ਜੀ ਨੇ ਸਭਨਾਂ ਨੂੰ ਸੰਬੋਧਨ ਕਰਦਿਆਂ ਆਖਿਆ:, "ਮਨੁੱਖੀ ਕੁਰਬਾਨੀਆਂ ਨਾਲ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਸਗੋਂ ਨੇਕ ਕੰਮ ਕਰਨ ਨਾਲ ਹੀ ਆਤਮਿਕ ਸ਼ਾਤੀ ਅਤੇ ਪ੍ਰਭੂ ਮਿਲਨ ਹੋ ਸਕਦਾ ਹੈ।"

ਉਪ੍ਰੰਤ ਬਨਾਰਸ ਵਿੱਚ ਧਰਮੀ ਪੁਰਖਾਂ ਨਾਲ ਵਿਚਾਰ-ਵਟਾਂਦਰੇ ਲਈ ਗੁਰਦੇਵ ਨੇ ਉੱਥੇ ਕੁਝ ਸਮਾਂ ਰਹਿ ਕੇ **ਇਕ ਧਰਮਸਾਲਾ ਬਣਵਾਈ ਅਤੇ ਸਤਿਸੰਗ ਦੀ ਸਥਾਪਨਾ ਕੀਤੀ।**

ਇਕ ਦਿਨ ਕੁਝ ਅਲਗ-ਅਲਗ ਵਿਚਾਰ ਧਾਰਾ ਵਾਲੇ ਲੋਕ ਇਕਠੇ ਹੋ ਕੇ ਗੁਰੂਦੇਵ ਜੀ ਤੋਂ ਪੁੱਛਣ ਲੱਗੇ ਕਿ ਕਿਹੜਾ ਮੱਤ ਅਸਲੀ ਹੈ? ਕਿਉਂਕਿ ਉਨ੍ਹਾਂ ਦਿਨਾਂ ਵਿੱਚ ਅਨੇਕਾਂ ਮੱਤ ਪ੍ਰਚਲਤ ਸਨ, ਜਿਨ੍ਹਾਂ ਅਨੁਸਾਰ ਕੋਈ ਕਹਿੰਦੇ ਸਨ ਗ੍ਰੰਥ ਪੜੋ, ਕੋਈ ਕਹਿੰਦਾ ਸੀ ਗ੍ਰਿਸਤ ਤਿਆਗ ਕੇ ਬਨਾਂ ਵਿੱਚ ਤਪ ਕਰੋ। ਕੋਈ ਕਹਿੰਦਾ ਸੀ ਤੀਰਥਾਂ ਦਾ ਭ੍ਰਮਣ ਕਰੋ। ਕੋਈ ਮੂਰਤੀ ਪੂਜਾ ਕਰਦੇ ਸਨ। ਕੋਈ ਕਰਮ ਕਾਂਡਾਂ ਵਿੱਚ ਵਿਸ਼ਵਾਸ ਰਖਦੇ ਸਨ ਤਦ ਗੁਰੂਦੇਵ ਜੀ ਨੇ ਇਹ ਅਲਾਹੀ ਬਾਣੀ ਉਚਾਰਨ ਕੀਤੀ:-

"ਤਨੁ ਬਿਨਸੈ ਧਨੁ ਕਾ ਕੋ ਕਹੀਐ।। ਬਿਨੁ ਗੁਰ ਰਾਮ ਨਾਮੁ ਕਤ ਲਹੀਐ।।" (ਅੰਗ-416)

ਇਕ ਦਿਨ ਕੁਝ ਲੋਕ ਇਕਠੇ ਹੋ ਕੇ ਗੁਰੂ ਜੀ ਤੋਂ ਪੁਛਣ ਲਗੇ, "ਸੰਸਾਰ ਵਿੱਚ ਬਹੁਤ ਸਾਰੇ ਧਰਮ ਚੱਲ ਰਹੇ ਹਨ। ਸਾਨੂੰ ਦਸੋਂ ਕਿੜਾ ਧਰਮ ਅਸਲੀ ਹੈ। ਕੁਝ ਸਾਧੂ ਕਹਿੰਦੇ ਹਨ ਕਿ ਪਾਠ ਕਰੋ, ਕੁਝ ਕਹਿੰਦੇ ਹਨ ਕਿ ਇਕਾਂਤ ਵਿੱਚ ਬੈਠ ਕੇ ਸਿਮਰਨ ਕਰੋ, ਕੁਝ ਕਹਿੰਦੇ ਹਨ ਕਿ ਮੰਦਿਰਾਂ ਵਿੱਚ ਜਾ ਕੇ ਮੂਰਤੀ ਪੂਜਾ ਕਰੋ ਅਤੇ ਕੁਝ ਸਾਧੂ ਇਹ ਵੀ ਕਹਿੰਦੇ ਹਨ ਕਿ ਪੰਖਡਵਾਦ ਕਰਦੇ ਜਾਓ। ਗੁਰੂ ਜੀ ਨੇ ਉਨ੍ਹਾਂ ਦੀ ਤਸਲੀ ਕਰਾਉਣ ਲਈ ਇਹ ਅਲਾਹੀ ਸ਼ਬਦ ਉਚਾਰਨ ਕੀਤਾ।

"ਰਾਮ ਨਾਮ ਧਨੁ ਸੰਗਿ ਸਖਾਈ ।। ਅਹਿਨਿਸਿ ਰਿਰਮਲੁ ਹਰਿ ਲਿਵ ਲਾਈ।।" (ਅੰਗ-416)

**"ਪ੍ਰਭੂ ਦਾ ਸੰਬੰਧ ਮਨ ਨਾਲ ਹੈ ਸ਼ਰੀਰ ਨਾਲ ਨਹੀਂ, ਸ਼ਰੀਰ ਤਾਂ ਨਾਸ਼ਵਾਨ ਹੈ"** ਅਸਾਂ ਨੇ ਜੋ ਵੀ ਧਾਰਮਿਕ ਕਾਰਜ ਕਰਨੇ ਹਨ ਉਨ੍ਹਾਂ ਵਿੱਚ ਮਨ ਤੇ ਚਿੱਤ ਦਾ ਸ਼ਾਮਿਲ ਹੋਣਾ ਅਤੀ ਜਰੂਰੀ ਹੈ। **ਇਸ ਲਈ ਸਾਨੂੰ ਨਿਰਾਕਾਰ ਪ੍ਰਭੂ ਭਾਵ ਰੋਮ-ਰੋਮ ਵਿੱਚ ਵੱਸੇ ਹੋਏ ਰਾਮ ਨੂੰ ਸੁਰਤਿ ਨਾਲ ਹੀ ਆਰਾਧਨਾ ਹੈ।** ਇਹ ਕਾਰਜ ਸਾਨੂੰ ਗ੍ਰਿਸਤ ਆਸ਼੍ਰਮ ਵਿੱਚ ਰਹਿ ਕੇ, ਆਪਣੇ ਫਰਜ਼ ਨਿਭਾਉਂਦਿਆਂ ਹੋਇਆਂ ਹਰ ਰੋਜ਼ ਕਰਨਾ ਚਾਹੀਦਾ ਹੈ। **ਇਹ ਹੀ ਅਸਲੀ ਧਰਮ ਹੈ।** ਜਿਸ ਨਾਲ ਪ੍ਰਭੂ ਪ੍ਰਾਪਤੀ ਸੰਭਵ ਹੈ।

ਬਨਾਰਸ (ਵਾਰਾਨਸੀ) ਨਗਰ ਸੰਤਾਂ, ਮਹਾਂਪੁਰਖਾਂ ਦੇ ਜਨਮ ਅਸਥਾਨਾਂ ਕਰਕੇ ਵੀ ਪ੍ਰਸਿੱਧ ਹੈ। ਉੱਥੇ ਸਮੇਂ-ਸਮੇਂ ਤੇ ਭਗਤ ਜਨ ਉਜਾਗਰ ਹੋ ਕੇ ਪ੍ਰਭੂ ਭਗਤੀ ਦਾ ਪ੍ਰਚਾਰ-ਪ੍ਰਸਾਰ ਕਰਦੇ ਰਹੇ ਹਨ। ਜਿਨ੍ਹਾਂ ਵਿੱਚੋਂ ਪ੍ਰਮੁੱਖ, **'ਸਵਾਮੀ ਰਾਮਾਨੰਦ ਜੀ', 'ਸਵਾਮੀ ਪਰਮਾਨੰਦ ਜੀ', 'ਭਗਤ ਕਬੀਰ ਜੀ' ਅਤੇ ' ਭਗਤ ਰਵਿਦਾਸ ਜੀ'** ਆਦਿ ਹੋਏ ਹਨ।

ਇਸ ਸੁਣ ਕੇ ਉਨ੍ਹਾਂ ਦੇ ਚੇਲੇ ਆਪ ਜੀ ਨੂੰ ਮਿਲਣ ਆਏ, ਗੁਰੂ ਜੀ ਨੇ ਸਭ ਦੀ ਸੰਤੁਸ਼ਟੀ ਕਰਾਈ। ਇਸ ਤਰ੍ਹਾਂ ਸਾਰੀ ਸੰਗਤ ਗੁਰੂ ਜੀ ਦੇ ਪਰਵਚਨ ਧਿਆਨ ਨਾਲ ਸੁਨਣ ਲੱਗੀ। ਗੁਰੂ ਜੀ ਨੇ ਉਨ੍ਹਾਂ ਕੋਲੋਂ **ਭਗਤ ਕਬੀਰ, ਭਗਤ ਰਵਿਦਾਸ ਜੀ, ਸਵਾਮੀ ਰਾਮਾਨੰਦ ਜੀ ਅਤੇ ਪਰਮਾਨੰਦ** ਜੀ ਦੀਆਂ ਰਚਨਾਵਾਂ ਅਪਣੀ ਪੋਥੀ ਵਿੱਚ ਦਰਜ ਕਰ ਲਈਆਂ ਅਤੇ ਅੱਗੇ ਤੁਰ ਪਏ।



ਗੁਰੂ ਜੀ ਪੰਡਿਆਂ ਨਾਲ ਵਾਰਤਾਲਾਪ ਕਰਦੇ ਹੋਏ

**ਭਗਤ ਕਬੀਰ ਜੀ (1398-1518) ਨੇ ਬਨਾਰਸੀ ਪੰਡਿਆਂ ਬਾਰੇ ਆਪਣੇ ਅਨੁਭਵ ਇਸ ਤਰ੍ਹਾਂ ਦਰਸਾਏ ਹਨ:-**

**ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥**
**ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ॥**
**ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥ ੧॥** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 476)



ਗੁਰਦੁਆਰਾ ਸਾਹਿਬ, ਗੁਰੂ ਕਾ ਬਾਗ ਬਨਾਰਸ (ਉੱਤਰ ਪ੍ਰਦੇਸ਼)


**ਗਾਜ਼ੀਪੁਰ (ਉੱਤਰਪ੍ਰਦੇਸ਼):** ਗੁਰੂ ਜੀ, ਮਰਦਾਨਾ ਜੀ ਅਤੇ ਸ਼ਰਧਾਲੂ ਵਾਰਾਨਸੀ ਤੋਂ 80 ਕਿ.ਮੀ. ਚੱਲ ਕੇ **ਆਸਾਪੁਰ, ਤੋਫਾਪੁਰ, ਕੋਵਾਪੁਰ, ਹਥੋਰਾ, ਧਾਮੂਪੁਰ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਗਾਜ਼ੀਪੁਰ ਪਹੁੰਚ ਗਏ। ਇਥੋਂ ਦੇ ਲੋਕਾਂ ਨੂੰ ਆਪਸੀ ਪ੍ਰੇਮ-ਪਿਆਰ ਨਾਲ ਰਹਿਣ ਦਾ ਉਪਦੇਸ਼ ਕੀਤਾ ਅਤੇ ਅੱਗੇ ਪਟਨਾ ਸਾਹਿਬ ਵੱਲ ਜੱਲ ਪਏ। (**ਮਹਾਂਰਿਸ਼ੀ ਯਾਮਦਗਨੀ, ਮਹਾਂਰਿਸ਼ੀ ਪਰਸੂਰਾਮ ਦੇ ਪਿਤਾ ਜੀ ਇਥੇ ਸੰਘਣੇ ਜੰਗਲ ਵਿੱਚ ਨਿਵਾਸ ਕਰਦੇ ਸਨ। ਚੀਨੀ ਯਾਤਰੀ ਹਿਊਨ ਸਾਂਗ ਵੀ ਇਥੇ ਆਇਆ ਉਸ ਨੇ ਇਸ ਥਾਂ ਨੂੰ Chanchu ਦੇ ਨਾਮ ਨਾਮ ਲਿਖਿਆ ਹੈ। (Chanchu is the land of Battle Fields) ਇਸ ਸ਼ਹਿਰ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਪਵਿੱਤਰ ਚਰਣ ਪਾਏ।**)



**1330 ਏ.ਡੀ. ਵਿੱਚ ਸਈਅਦ ਮਸਊਦ ਗਾਜ਼ੀ ਨੇ ਵਸਾਇਆ**



**ਗੁਰਦੁਆਰਾ ਸਾਹਿਬ, ਗਾਜ਼ੀਪੁਰ**




**ਪਟਨਾ ਸਾਹਿਬ:-** ਗੁਰੂ ਜੀ, ਮਰਦਾਨਾ ਜੀ ਅਤੇ ਸ਼ਰਧਾਲੂ ਗਾਜ਼ੀਪੁਰ ਤੋਂ 170 ਕਿ.ਮੀ. ਚੱਲ ਕੇ **ਡੂੰਗਰਪੁਰ, ਸੁਰਤਾਪੁਰ, ਸਾਜਾਨਾ, ਬਕਸਰ, ਡੁਮਰਾਓ, ਕੁਸ਼ਲਪੁਰ, ਤੁਰੀਗੰਜ, ਕ੍ਰਿਸ਼ਨਾਬ੍ਰਹਮ, ਹੇਨਵਾ, ਚੰਦਾ, ਬ੍ਰਹਮਪੁਰ, ਸ਼ਾਹਪੁਰ, ਗਜਰਾਗੰਜ, ਕਾਇਮਨਗਰ, ਬੀਹਿਆ, ਆਰਾ, ਕੋਇਲਵਰ, ਕਨੌਲੀ** ਆਦਿ ਛੋਟੇ-ਵੱਡੇ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਗੰਗਾ ਕਿਨਾਰੇ ਵੱਸੇ ਸ਼ਹਿਰ ਪਟਨਾ ਵਿੱਖੇ ਪਹੁੰਚ ਕੇ ਨਦੀ ਕਿਨਾਰੇ ਡੇਰਾ ਲਾ ਲਿਆ।



**ਇਹ ਸ਼ਹਿਰ 490 ਬੀ.ਸੀ.ਈ. ਵਿੱਚ ਮਗਧ ਦੇ ਰਾਜਾ ਅਜਿੱਤਾ ਸ਼ਤਰੂ ਨੇ ਪਾਟਲੀ ਪੁਤਰ ਨਾਮ ਨਾਲ ਵਸਾਇਆ**

ਮੰਨ ਲਵੋ ਸਫਰ ਕਰਦੇ ਸਮੇਂ ਰਾਹ ਵਿੱਚ ਆਪ ਪਿਆਸ ਨਾਲ ਅਤਿ ਵਿਆਕੁਲ ਹੋ ਜਾਵੋ ਤਾਂ ਇਕ ਪਿਆਲਾ ਪਾਣੀ ਕੋਈ ਤੁਸਾਂ ਨੂੰ ਕਿਤੋਂ ਲਿਆ ਦੇਵੇ ਅਤੇ ਤੁਹਾਡੇ ਪ੍ਰਾਣ ਬਚ ਜਾਣ, ਤਦ ਆਪ ਜੀ ਉਸ ਮਨੁੱਖ ਨੂੰ ਕੀ ਦੇਵੋਗੇ?"

ਜਾਗੀਰਦਾਰ (**ਸੋਚਦੇ ਹੋਏ**), ਮੈਂ ਉਸ ਨੂੰ ਆਪਣੀ **ਅੱਧੀ ਸੰਪਤੀ** ਦੇ ਦੇਵਾਗਾਂ। ਗੁਰੂਦੇਵ ਜੀ ਕਹਿਣੇ ਲੱਗੇ ਕਿ ਮੰਨ ਲਵੋ, ਉਹ ਪਾਣੀ ਤੁਹਾਡੇ ਸ੍ਰੀਰ ਅੰਦਰ ਕਿਸੇ ਕਾਰਣ ਰੁਕ ਜਾਏ ਅਤੇ ਦਰਦ ਦੇ ਕਾਰਣ ਤੁਹਾਡਾ ਬੁਰਾ ਹਾਲ ਹੋ ਜਾਵੇ। ਐਸੀ ਹਾਲਤ ਵਿੱਚ ਕੋਈ ਮਨੁੱਖ ਇਲਾਜ ਨਾਲ ਤੁਹਾਨੂੰ ਠੀਕ ਕਰ ਦੇਵੇ ਤਾਂ ਆਪ ਉਸ ਨੂੰ ਕੀ ਦਿਓਗੇ? ਉਹ ਜਾਗੀਰਦਾਰ ਕਹਿਣ ਲੱਗਾ ਕਿ ਮੈਂ ਉਸ ਨੂੰ ਅਪਣੀ **ਬਾਕੀ ਦੀ ਅੱਧੀ ਸੰਪਤੀ ਵੀ ਦੇ ਦੇਵਾਂਗਾ।** ਤਦ ਗੁਰੂ ਜੀ ਨੇ ਕਿਹਾ, "ਇਸ ਦਾ ਅਰਥ ਇਹ ਹੋਇਆ ਕਿ ਇਕ ਪਿਆਲਾ ਪਾਣੀ ਦੀ ਕੀਮਤ ਤੁਹਾਡੀ ਪੂਰੀ ਸੰਪੱਤੀ ਦੇ ਬਰਾਬਰ ਹੋਈ।"

ਫਿਰ ਗੁਰੁ ਜੀ ਨੇ ਇਹ ਸ਼ਬਦ ਉਚਾਰਨ ਕੀਤੇ:- "ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।।" (ਅੰਗ- 472)

"ਤਨੁ ਬਿਨਸੈ ਧਨੁ ਕਾ ਕੋ ਕਹੀਐ।।" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-416)

"ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ।।" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1240)

ਇਹ ਅਲਾਹੀ ਦ੍ਰਿਸ਼ਟਾਂਤ ਸੁਣ ਕੇ ਜਗੀਰਦਾਰ ਅਤੇ ਹੋਰ ਸਰੋਤਿਆਂ ਨੇ ਗੁਰੂ ਜੀ ਦਾ ਧੰਨਵਾਦ ਕੀਤਾ।



**ਗੁਰਦਵਾਰਾ ਗਓ ਘਾਟ, ਪਟਨਾ ਸਾਹਿਬ (ਬਿਹਾਰ)**

## ਭਾਈ ਮਰਦਾਨਾ ਜੀ ਦੀ ਸ਼ੰਕਾ

ਅਗਲੇ ਦਿਨ ਭਾਈ ਮਰਦਾਨਾ ਜੀ ਨੇ ਗੁਰੂਦੇਵ ਜੀ ਨੂੰ ਪੁੱਛਿਆ ਕਿ ਸਾਰੇ ਜਾਣਦੇ ਹਨ ਇਹ ਸਰੀਰ ਅਮੁੱਲਾ ਖਜਾਨਾ ਹੈ, ਫਿਰ ਕਿਉਂ ਲੋਕ ਇਸ ਦੇ ਨਾਲ, ਨਸ਼ੇ ਅਤੇ ਵਿਕਾਰਾਂ ਵਿੱਚ ਪੈ ਕੇ ਖਿਲਵਾੜ ਕਰਦੇ ਹਨ? ਗੁਰੂਦੇਵ ਜੀ, "ਸਾਰੇ ਮਨੁੱਖਾਂ ਨੂੰ ਇਤਨੀ ਸੋਝੀ ਨਹੀਂ ਹੁੰਦੀ। ਉਹ ਇਸ ਸਰੀਰ ਰੂਪੀ ਅਮੁੱਲੇ ਰਤਨ ਨੂੰ ਕੌਡੀਆਂ ਦੇ ਬਦਲੇ ਵਿਅਰਥ ਗਵਾ ਲੈਂਦੇ ਹਨ, ਭਾਵ ਜਿਸ ਡਾਲ ਤੇ ਬੈਠੇਦੇ ਹਨ ਉਸੇ ਨੂੰ ਕੱਟਣ ਲੱਗੇ ਰਹਿੰਦੇ ਹਨ। ਇਸ ਲਈ ਮਨੁੱਖ, ਅਗਿਆਨਤਾ ਵੱਸ ਦੁਖੀ ਰਹਿੰਦੇ ਹਨ। ਹਰ ਇਕ

ਮਨੁੱਖ ਅਪਣੀ ਬੁੱਧੀ ਅਨੁਸਾਰ ਵਸਤੂ ਦੀ ਕੀਮਤ ਪਾਉਂਦਾ ਹੈ, ਬੇਸ਼ਕ ਉਹ ਬਹੁਮੁਲਾ ਰਤਨ ਹੀ ਕਿਉਂ ਨਾ ਹੋਵੇ। ਸਾਮਣੇ ਰੇਤ ਵਿੱਚ ਕੋਈ ਵਸਤੂ ਚਮਕ ਰਹੀ ਹੈ, ਆਪ ਉਸ ਨੂੰ ਚੁੱਕ ਲਿਆਓ ਅਤੇ ਇਸ ਨੂੰ ਨਗਰ ਵਿੱਚ ਜਾ ਕੇ ਜ਼ਿਆਦਾ ਤੋਂ ਜ਼ਿਆਦਾ ਮੁੱਲ ਤੇ ਵੇਚ ਕੇ ਆਓ!

ਭਾਈ ਮਰਦਾਨਾ ਜੀ ਉਹ ਚਮਕਦਾਰ ਪੱਥਰ ਲੈ ਕੇ ਬਹੁਤ ਸਾਰੇ ਦੁਕਾਨਦਾਰਾਂ ਕੋਲ ਗਏ। ਕਿਸੇ ਨੇ ਨਹੀਂ ਖਰੀਦਿਆ। ਮਰਦਾਨਾ ਜੀ ਪੁਛਦੇ-ਪੁਛਦੇ ਸੁਨਾਰ ਟੋਲੀ ਬਾਜ਼ਾਰ ਵਿੱਚ **ਸਾਲਸ ਰਾਏ ਜੌਹਰੀ ਦੀ ਦੁਕਾਨ** ਤੇ ਜਾ ਕੇ ਸਾਲਸ ਰਾਏ ਦੇ ਨੌਕਰ **'ਅਧਰੱਕਾ'** ਨੂੰ ਉਹ ਪਥਰ ਦਿਖਾਇਆ। ਉਸ ਨੇ ਰਤਨ ਨੂੰ ਪਰਖਿਆ ਅਤੇ ਆਖਿਆ, "ਮੈਂ ਇਸ ਨੂੰ ਆਪਣੇ ਮਾਲਿਕ ਸਾਲਸ ਰਾਏ ਨੂੰ ਦਿਖਾ ਕੇ ਇਸ ਦਾ ਅਸਲੀ ਮੁੱਲ ਦਸਾਂਗਾ।

ਜਦੋਂ **'ਸਾਲਸ ਰਾਏ'** ਨੇ ਉਹ ਰਤਨ ਵੇਖਿਆ ਤਾਂ ਉਸ ਨੇ ਸਿਰ ਝੁਕਾ ਕੇ ਰਤਨ ਨੂੰ ਨਮਸ਼ਕਾਰ ਕੀਤੀ ਅਤੇ ਕਿਹਾ, **"ਇਹ ਰਤਨ ਨਹੀਂ, ਕੁਦਰਤ ਦਾ ਕਰਿਸ਼ਮਾ ਹੈ।** ਇਸ ਦੇ ਅੰਦਰ ਦਾ ਪਰਕਾਸ਼ ਇਕ ਖਾਸ ਕਿਸਮ ਦਾ ਪ੍ਰਤੀਬਿੰਬ ਬਣਾਉਂਦਾ ਹੈ ਜਿਸ ਵਿੱਚ ਦਰਜ ਹੈ ਕਿ **(ਦਰਸ਼ਨ ਭੇਟਾ 100 ਦਮੜੇ (ਰੁਪੈ)।** ਇਸ ਲਈ ਇਹ ਅਮੁੱਲਾ ਹੈ ਮੈਂ ਇਸ ਨੂੰ ਖਰੀਦਣ ਜੋਗਾ ਨਹੀਂ ਹਾਂ। ਮੈਂ ਤਾਂ ਇਸ ਦੀ ਦਰਸ਼ਨ ਭੇਟਾ ਹੀ **100 ਦਮੜੇ** ਦੇਵਾਂਗਾ"। ਕਿਉਕਿ ਮੇਰੇ ਪਾਸ ਇਸ ਦੀ ਪੂਰੀ ਕੀਮਤ ਦੇਣ ਲਈ ਮਾਇਆ ਨਹੀਂ ਹੈ।


ਸਾਲਸ ਰਾਏ ਮਰਦਾਨਾ ਜੀ ਨੂੰ 100 ਦਮੜੇ ਦਿੰਦਿਆਂ

ਪ੍ਰੰਤੂ ਮਰਦਾਨਾ ਜੀ, ਨੇ ਕਿਹਾ, "ਮੈਂ ਇਹ ਧਨ ਬਿਨਾ ਕਾਰਣ ਨਹੀਂ ਲੈ ਸਕਦਾ ਕਿਉਂਕਿ ਤੁਸਾਂ ਇਹ ਖਰੀਦਿਆਂ ਹੀ ਨਹੀਂ।" ਸਾਲਸ ਰਾਏ ਦ ਮਜਬੂਰ ਕਰਨ ਤੇ ਮਰਦਾਨਾ ਜੀ 100 ਦਮੜਿਆਂ ਦੀ ਥੈਲੀ ਲੈ ਲਈ ਅਤੇ ਗੁਰੂ ਜੀ ਕੋਲ ਆ ਗਇਆ। ਗੁਰੂ ਜੀ ਨੇ ਵੀ ਉਹੀ ਗੱਲ ਆਖੀ ਕਿ ਜਦੋਂ ਉਸ ਨੇ ਸਾਡਾ ਰਤਨ ਖਰੀਦਿਆ ਹੀ ਨਹੀਂ ਤਾਂ ਉਸ ਦਾ ਧਨ ਕਿਉਂ ਰਖੀਏ।

ਮਰਦਾਨਾ ਜੀ ਥੈਲੀ ਵਾਪਸ ਦੇਣ ਗਏ ਤਾਂ ਸਾਲਸ ਰਾਏ ਨੇ ਅਧਰੱਕੇ ਨੂੰ ਕਿਹਾ, "ਠੀਕ ਹੈ, ਤੂੰ 100 ਦਮੜੇ ਲੈ ਕੇ ਮਰਦਾਨਾ ਜੀ ਦੇ ਨਾਲ ਇਨ੍ਹਾਂ ਦੇ ਮਾਲਕ ਕੋਲ ਪਹੁੰਚ, ਮੈਂ ਤੁਹਾਡੇ ਪਿੱਛੇ -ਪਿੱਛੇ ਆਉਂਦਾ ਹਾਂ।"

ਅਧਰੱਕਾ ਚਰਣ ਬੰਦਨਾ ਕਰਕੇ ਗੁਰੁਦੇਵ ਜੀ ਦੇ ਸਨਮੁੱਖ ਹੋਇਆ। ਉਹ ਰਤਨ ਅਤੇ 100 ਦਮੜਿਆਂ ਦੀ ਗੁਥਲੀ ਗੁਰੂ ਜੀ ਅੱਗੇ ਰੱਖੀ। ਗੁਰੁਦੇਵ ਜੀ ਨੇ ਪੁੱਛਿਆ, ਤੁਸੀਂ ਕੀ ਕੰਮ-ਕਾਜ ਕਰਦੇ ਹੋ? ਅਧਰੱਕਾ, "ਜੀ, ਮੈਂ ਹਾਲਾਂ ਤੱਕ ਤਾਂ ਕੰਕੜ ਪੱਥਰਾਂ ਦੀ ਪਰਖ ਵਿੱਚ ਹੀ ਗੁਆਚਿਆ ਰਿਹਾ ਹਾਂ। ਮੈਨੂੰ, ਆਪ ਜੀ ਦਿਭ ਦ੍ਰਿਸ਼ਟੀ ਪ੍ਰਦਾਨ ਕਰੋ ਜਿਸ ਨਾਲ ਮੈਂ ਇਨ੍ਹਾਂ ਕੰਕੜ ਪੱਥਰਾਂ ਵਿੱਚੋਂ ਨਿਕਲ ਕੇ ਜੀਵਨ ਰੂਪੀ ਅਮੁੱਲੀ ਨਿਧੀ ਦਾ ਨਰੀਖਣ ਕਰਨ ਯੋਗ ਹੋ ਜਾਵਾਂ।" ਗੁਰੁਦੇਵ ਜੀ, **"ਤੂੰ ਵਿਵੇਕੀ ਮਨੁੱਖ ਜਾਪਦਾ ਹੈਂ। ਕਰਤਾਰ ਭਲੀ ਕਰੇਗਾ!"** ਤਦ ਸਾਲਸ ਰਾਏ ਵੀ ਉੱਥੇ ਆ ਗਿਆ। ਉਸ ਨੇ ਪ੍ਰਣਾਮ ਕਰਕੇ ਬੇਨਤੀ ਕੀਤੀ, ਕਿ ਇਹ ਆਪ ਜੀ ਦੇ **ਰਤਨ ਦੀ ਦਰਸ਼ਨ ਭੇਟਾ** ਹੈ।" ਗੁਰੁਦੇਵ ਜੀ, **"ਇਸ ਜਨਮ ਰੂਪੀ ਰਤਨ ਨੂੰ ਵੀ ਤੁਸਾਂ ਪਰਖ ਕੇ ਕਸਵੱਟੀ ਤੇ ਲਾਇਆ ਹੋਵੇਗਾ।"**

ਸਾਲਸ ਰਾਏ;"ਮਹਾਰਾਜ, ਮੈਂ ਤਾਂ ਸਿਰਫ ਇਹ ਚਮਕੀਲੇ ਪੱਥਰਾਂ ਦੀ ਪਰਖ ਵਿੱਚ ਗੁਲਤਾਨ ਹੋਇਆ ਰਹਿੰਦਾ ਹਾਂ।" ਗੁਰੁਦੇਵ ਜੀ, "ਆਖਿਰ ਇਨ੍ਹਾਂ ਕੰਕੜ ਪੱਥਰਾਂ ਦਾ ਕਰੇਂਗਾ ਕੀ? ਜਦੋਂ ਸਵਾਸਾਂ ਦੀ ਅਮੁੱਲੀ ਪੂੰਜੀ ਹੀ ਸਮਾਪਤ ਹੋ ਜਾਏਗੀ?" ਸਾਲਸ ਰਾਏ, "ਜੀ ਹਜ਼ੂਰ, ਇਹ ਤਾਂ ਮੈਂ ਕਦੇ ਸੋਚਿਆ ਹੀ ਨਹੀਂ!" ਗੁਰੁਦੇਵ ਜੀ, "ਅਜੇ ਵੀ ਸਮਾਂ ਹੈ ਅਪਣੀ ਦ੍ਰਿਸਟੀ ਬਦਲੋ, **ਅਤੇ ਅਸਲੀ ਜੌਹਰੀ ਬਣੋ।** ਅਪਣੇ ਅੰਤਹ ਕਰਣ ਵਿੱਚ ਛਿਪੇ ਉਸ ਪ੍ਰਭੂ ਦੇ ਅੰਸ਼ ਨੂੰ ਖੋਜੋ? ਠੀਕ ਉਸੇ ਤਰਾਂ


ਜਿਸ ਤਰ੍ਹਾਂ ਤੁਸੀਂ ਰਤਨਾਂ ਵਿੱਚੋਂ ਪ੍ਰਕਾਸ਼ ਲਭਦੇ ਹੋ।" ਸਾਲਸ ਰਾਏ, "ਹਜ਼ੂਰ ਤੁਸਾਂ ਮੇਰੇ ਤੇ ਕ੍ਰਿਪਾ ਕੀਤੀ ਹੈ ਜੋ ਮੈਨੂੰ ਜਾਗ੍ਰਿਤ ਕੀਤਾ ਹੈ। ਹੁਣ ਮੈਂ ਆਪ ਜੀ ਦੇ ਦਰਸਾਏ ਮਾਰਗ ਅਨੁਸਾਰ ਅਪਣੇ ਅੰਦਰ ਉਸ ਪ੍ਰਭੂ ਜੋਤਿ ਰੂਪੀ ਰਤਨ ਦੀ ਖੋਜ ਵਿੱਚ ਜੁੱਟ ਜਾਵਾਂਗਾ। ਜੀਵਨ ਦਾ ਕੋਈ ਵੀ ਪਲ ਵਿਆਰਥ ਨਹੀਂ ਜਾਣ ਦੇਵਾਂਗਾ।

ਗੁਰੂਦੇਵ ਜੀ, "ਸਾਲਸ ਰਾਏ, ਤੂੰ ਮਹਾਨ ਹੈਂ ਪਰ ਤੇਰਾ ਸੇਵਕ ਅਧਰਕਾ ਇਸ ਰਮਜ਼ ਨੂੰ ਪਹਿਲਾਂ ਤੋਂ ਹੀ ਜਾਣਦਾ ਹੈ। ਇਸ ਲਈ ਉਹ ਅਧਿਆਤਮਿਕ ਦੁਨੀਆਂ ਵਿੱਚ ਤੈਥੋਂ ਅਗੇ ਹੈ।"

ਸਾਲਸ ਰਾਏ ਤੇ ਇਤਨਾ ਪ੍ਰਭਾਵ ਪਿਆ ਕਿ ਉਸ ਨੇ ਆਪਣਾ ਘਰ ਹੀ ਗੁਰੂ ਜੀ ਦੇ ਨਾਮ ਕਰ ਦਿੱਤਾ ਅਤੇ ਪ੍ਰਚਾਰ ਕਰਨ ਲੱਗਾ। ਗੁਰੂ ਜੀ ਨੇ ਬਚਨ ਕੀਤਾ ਕਿ ਉਸ ਪਿਛੋਂ ਅਧਰੱਕਾ ਧਰਮ ਪ੍ਰਚਾਰ ਕੇਂਦਰ ਦਾ ਮੁੱਖੀ ਹੋਵੇਗਾ। ਅੱਜ ਵੀ ਪਟਨੇ ਵਿੱਚ ਸੁਨਾਰ ਤੋਲੀ ਮੁਹੱਲੇ ਵਿੱਚ ਇਹ ਧਰਮ ਸਾਲ ਗੁਰਦੁਆਰੇ ਦੇ ਰੂਪ ਵਿੱਚ ਹੈ ਅਤੇ ਅਧਰਕੇ ਦੇ ਵਾਰਸ ਉੱਥੇ ਪ੍ਰਚਾਰਕ ਹਨ।



**ਗੁਰਦੁਆਰਾ ਸੁਨਾਰ ਟੋਲੀ ਸੰਗਤ, ਪਟਨਾ ਸਾਹਿਬ**



ਸੱਚਖੰਡ ਤਖ਼ਤ ਸ੍ਰੀ ਪਟਨਾ ਸਾਹਿਬ ਜੀ (ਬਿਹਾਰ)


**ਹਾਜੀਪੁਰ (ਬਿਹਾਰ):** ਗੁਰੂ ਜੀ, ਮਰਦਾਨਾ ਜੀ ਅਤੇ ਸ਼ਰਧਾਲੂ ਪਟਨਾ ਸ਼ਹਿਰ ਤੋਂ 21 ਕਿ.ਮੀ. ਚੱਲ ਕੇ ਗੰਗਾ ਨਦੀ ਪਾਰ ਕਰਕੇ ਹਾਜੀਪੁਰ ਵੱਲ ਤੁਰ ਪਏ। ਰਸਤੇ ਵਿੱਚ ਇਕ ਸੂਫੀ ਫ਼ਕੀਰ ਪਾਲਕੀ ਵਿੱਚ ਸਫਰ ਕਰਦਾ ਦਿਸਿਆ। ਕਹਾਰਾਂ (ਪਾਲਕੀ ਚੁਕਣ ਵਾਲੇ) ਨੇ ਪਾਲਕੀ ਜ਼ਮੀਨ ਤੇ ਰੱਖ ਕੇ ਉਸ ਫਕੀਰ ਲਈ ਗਲੀਚਾ ਵਿਛਾ ਕੇ ਤਕੀਆ ਲਗਾ ਦਿੱਤਾ। ਉਹ ਗਲੀਚੇ ਤੇ ਲੇਟ ਗਿਆ ਤਾਂ ਉਹ ਕਹਾਰ ਉਸ ਦੇ ਪੈਰ ਘੁੱਟਨ ਅਤੇ ਉਸ ਨੂੰ ਪੱਖਾ ਝੱਲਣ ਲੱਗੇ। **'ਉਹ ਫਕੀਰ ਸਈਯਦ ਸ਼ੇਖ਼ ਵਜੀਦ ਸੂਫੀ' ਸੀ।**


ਇਹ ਸ਼ਹਿਰ ਬੰਗਾਲ ਦੇ ਰਾਜਾ ਹਾਜੀ ਇਲੀਅਸ ਸ਼ਾਹ ਨੇ 1345 ਏ.ਡੀ. ਵਿੱਚ ਵੱਸਾਇਆ।

ਮਰਦਾਨਾ ਜੀ, "ਹੇ ਗੁਰੁਦੇਵ ਜੀ! ਖੁਦਾ ਇੱਕ ਹੈ ਜਾਂ ਦੋ?" ਗੁਰੂ ਜੀ, "ਖੁਦਾ ਤਾਂ ਇੱਕ ਹੈ।" ਮਰਦਾਨਾ, "ਮੈਂਨੂੰ ਇਹ ਸਮਝਾਓ ਕਿ ਇਹ ਮਨੁੱਖ ਜੋ ਪਾਲਕੀ ਚੁੱਕ ਕੇ ਲਿਆਏ ਹਨ ਅਤੇ ਹੁਣ ਸੁਆਮੀ ਦੇ ਹੱਥ-ਪੈਰ ਘੁੱਟ ਰਹੇ ਹਨ। ਉਨ੍ਹਾਂ ਨੂੰ ਕਿਸ ਨੇ ਪੈਦਾ ਕੀਤਾ ਹੈ ਅਤੇ ਇਹ ਮੋਟਾ-ਤਾਜ਼ਾ ਸੂਫੀ ਜੋ ਪਾਲਕੀ ਵਿੱਚ ਬੈਠ ਕੇ ਆਇਆ ਹੈ"? ਗੁਰੂ ਜੀ, "ਪ੍ਰਭੂ ਮਨੁੱਖਾਂ ਦੇ ਕਰਮ ਵੇਖਦਾ ਹੈ। ਉਨ੍ਹਾਂ ਦੀ ਅਮੀਰੀ, ਗਰੀਬੀ ਨਹੀਂ। ਜਿਹੜੇ ਗਰੀਬਾਂ ਦਾ ਖ਼ੂਨ ਚੁਸਦੇ ਹਨ, ਉਨ੍ਹਾਂ ਦਾ ਅੰਤ ਬੁਰਾ ਹੁੰਦਾ ਹੈ।

ਗੁਰੁਦੇਵ ਜੀ ਨੇ ਸ਼ੇਖ ਵਜੀਦ ਦੇ ਕੋਲ ਜਾ ਕੇ ਕਿਹਾ ਕਿ ਸੂਫੀ ਦਰਵੇਸ਼ਾਂ ਨੂੰ ਐਸ਼ੋ-ਆਰਾਮ ਦਾ ਜੀਵਨ ਨਹੀਂ ਸੋਭਦਾ। **ਮੁਹੰਮਦ ਸਾਹਿਬ ਨੇ ਵੀ ਕਿਹਾ ਹੈ, "ਗਰੀਬੀ ਤੇ ਮੈਨੂੰ ਮਾਣ ਹੈ!"** ਗਰੀਬਾਂ ਨੂੰ ਦੁੱਖ ਦੇ ਕੇ ਆਪ ਸੁੱਖਾਂ ਦਾ ਭੋਗ ਕਰਨਾ, ਸੂਫੀ ਮੱਤ ਨੂੰ ਉੱਕਾ ਹੀ ਸੋਭਾ ਨਹੀਂ ਦਿੰਦਾ। ਸੂਫੀ ਦਰਵੇਸ਼ ਦਾ ਜੀਵਨ ਤਾਂ ਸ਼ੇਖ ਫਰੀਦ ਜੀ ਦੀ ਤਰਾਂ ਜਪੀ-ਤਪੀ ਅਤੇ ਸਹਿਜ ਵਾਲਾ ਹੋਣਾ ਚਾਹਿਦਾ ਹੈ।

ਇਹ ਉਪਦੇਸ਼ ਸੁਣ ਕੇ ਸ਼ੇਖ ਵਜੀਦ ਗੁਰੁਦੇਵ ਜੀ ਦੇ ਚਰਣੀ ਢਹਿ ਪਿਆ ਅਤੇ ਉਸ ਨੇ ਪ੍ਰਣ ਕੀਤਾ ਕਿ ਉਹ ਅੱਜ ਤੋਂ ਹੀ ਵਿਲਾਸਤਾ ਵਾਲਾ ਜੀਵਨ ਤਿਆਗ ਦੇਵੇਗਾ। ਗੁਰੂ ਜੀ ਉੱਥੋਂ ਬੋਧਗਾਯਾ ਵੱਲ ਹੋ ਤੁਰੇ।


ਗੁਰਦੁਆਰਾ ਵੱਡੀ ਸੰਗਤ ਹਾਜੀਪੁਰ

**ਮਸਾਉੜੀ/ਤਾਰੇਗਾਨਾ (ਬਿਹਾਰ):** ਗੁਰੂ ਜੀ, ਮਰਦਾਨਾ ਜੀ ਅਤੇ ਸ਼ਰਧਾਲੂ ਹਾਜ਼ੀਪੁਰ ਤੋਂ ਵਾਪਸ ਪਟਨਾ ਆ ਕੇ 34 ਕਿ.ਮੀ. ਚੱਲ ਕੇ **6ਵੀਂ ਸਦੀ ਈ. ਵਿੱਚ ਵੱਸੇ ਸ਼ਹਿਰ ਮਸਾਉੜੀ ਪਹੁੰਚ ਗਏ।** ਇਸ ਥਾਂ ਤੇ ਗੁਰੂ ਜੀ ਬਹੁਤ ਦਿਨ ਰਹਿ ਕੇ ਅਲਾਹੀ ਕੀਰਤਨ ਕਰਦਿਆਂ ਇਥੋਂ ਦੀ ਸੰਗਤ ਨੂੰ ਭਾਈਚਾਰਕ ਸਾਂਝ ਬਨਾਈ ਰੱਖਣ ਲਈ ਪ੍ਰੇਰਿਆਂ ਅਤੇ ਇਕ ਅਕਾਲ ਦੀ ਅਰਾਧਨਾ ਕਰਨ ਲਈ ਉਪਦੇਸ਼ ਦਿੱਤਾ।



ਪੁਰਾਤਨ ਸ਼ਹਿਰ ਮਸਾਉੜੀ


ਗੁਰਦੁਆਰਾ ਸਾਹਿਬ, ਮਸਾਉੜੀ

**ਬਿਹਾਰ ਸ਼ਰੀਫ (ਬਿਹਾਰ):** ਗੁਰੂ ਜੀ, ਮਰਦਾਨਾ ਜੀ ਅਤੇ ਸ਼ਰਧਾਲੂ ਮਸਾਉੜੀ ਤੋਂ 60 ਕਿ.ਮੀ. ਚੱਲ ਕੇ **ਜਲਾਲਪੁਰ, ਜੈਤੀਪੁਰ, ਬਾਰੀਮੱਠ, ਰਸਾਲਪੁਰ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ 12 ਵੀਂ ਸਦੀ ਤੋਂ 8ਵੀਂ ਸਦੀ ਬੀ.ਸੀ. ਵਿੱਚ ਵੱਸੇ ਸ਼ਹਿਰ ਬਿਹਾਰ ਸ਼ਰੀਫ ਜਾ ਡੇਰਾ ਲਾਇਆ। **ਇਹ ਸ਼ਹਿਰ 10ਵੀਂ ਸਦੀ ਈ. ਵਿੱਚ ਪਾਲਾ ਕਬੀਲੇ ਦੀ ਰਾਜਧਾਨੀ ਸੀ।** ਇਸ ਸ਼ਹਿਰ ਵਿੱਚ ਗੁਰੂ ਜੀ ਬਹੁਤ ਦਿਨ ਠਹਿਰ ਕੇ ਲੋਕਾਂ ਨੂੰ ਸਿੱਧੇ ਰਸਤੇ ਪਾ ਕੇ ਅੱਗੇ ਤੁਰ ਪਏ।



**ਇਹ ਸ਼ਹਿਰ 10ਵੀਂ ਸਦੀ ਤੋਂ ਪਹਿਲਾਂ ਦਾ ਵਸਿਆ ਹੈ।**

**ਰਾਜਗੀਰ (ਬਿਹਾਰ):** ਗੁਰੂ ਜੀ, ਮਰਦਾਨਾ ਜੀ ਅਤੇ ਸ਼ਰਧਾਲੂ ਬਿਹਾਰ ਸ਼ਰੀਫ ਤੋਂ 25 ਕਿ.ਮੀ. ਚੱਲ ਕੇ ਮਗਧ ਰਾਜ ਦੀ ਪਹਿਲੀ ਰਾਜਧਾਨੀ ਰਾਜਗੀਰ ਪਹੁੰਚੇ ਤਾਂ ਲੋਕਾਂ ਨੇ ਬੇਨਤੀ ਕੀਤੀ, "ਇਥੇ ਗਰਮ ਜਲ ਦੇ ਤਿੰਨ ਚਸ਼ਮੇ (Water Springs) ਹਨ ਪ੍ਰੰਤੂ ਪੀਣ ਵਾਸਤੇ ਠੰਡੇ ਜਲ ਦੀ ਬਹੁਤ ਲੋੜ ਹੈ।" ਗੁਰੂ ਜੀ ਦੇ ਕਹਿਣ ਤੇ ਸਭ ਨੇ ਪ੍ਰਭੂ ਪਰਮਾਤਮਾ ਪਾਸ ਬੇਨਤੀ ਕੀਤੀ ਤਾਂ ਨੇੜੇ ਹੀ ਠੰਡੇ ਤੇ ਮਿਠੇ ਜਲ ਦਾ ਸੋਮਾਂ (Water Springs) ਫੁੱਟ ਪਿਆ। ਅੱਜ ਵੀ ਉਥੋਂ ਨਿਰਤਰ ਪਾਣੀ ਨਿਕਲ ਰਿਹਾ ਹੈ। ਜੋ ਗੁਰੂ ਨਾਨਕ ਸੀਤਲ ਕੁੰਢ ਦੇ ਨਾਮ ਨਾਲ ਪ੍ਰਸਿਧ ਹੈ


**ਮਹਾਂਭਾਰਤ ਦੇ ਸਮੇਂ ਰਾਜਾ ਜਰਾਸਿੰਧ ਇਥੇ ਰਾਜ ਕਰਦਾ ਸੀ**

**ਰਾਜਗੀਰ ਨਗਰ,** ਨੇੜੇ ਹੀ ਇਕ **ਸੂਫੀ ਦਰਵੇਸ਼ 'ਕਾਲੂਣ ਸ਼ਾਹ'** ਰਹਿੰਦੇ ਸਨ। ਉਹ ਵੀ ਗੁਰੂਦੇਵ ਜੀ ਦੀ ਉਸਤੱਤ ਸੁਣ ਕੇ ਆਪੇ ਹੀ ਮਿਲਣ ਆਏ। ਉਹ ਗੁਰੂਦੇਵ ਜੀ ਨੂੰ ਆਪਣੇ ਡੇਰੇ ਵਿੱਚ ਲੈ ਗਏ। ਕਈ ਦਿਨ ਗੁਰੂਦੇਵ ਜੀ ਦੇ ਪ੍ਰਵਚਨ ਸੁਣੇ ਟਹਿਲ- ਸੇਵਾ ਪੂਰੀ ਸ਼ਰਧਾ ਨਾਲ ਕੀਤੀ। ਗੁਰੂਦੇਵ ਜੀ ਦੇ ਪ੍ਰਵਚਨਾਂ ਨੂੰ ਜਨ-ਸਾਧਾਰਣ ਤੱਕ ਪਹੁੰਚਾਣ ਦੇ ਲਈ ਵੱਡੇ ਸਮਾਗਮ ਕਰਾਏ। ਜਿਸ ਨਾਲ ਉੱਥੇ ਦੋ ਅਲਗ-ਅਲਗ ਥਾਵਾਂ ਨੂੰ ਸੇਵਕਾਂ ਨੇ **ਪੀਰ ਨਾਨਕ ਸ਼ਾਹ ਦੀ ਵੱਡੀ ਅਤੇ ਛੋਟੀ ਸੰਗਤ ਕਹਿਣਾ** ਸ਼ੁਰੂ ਕਰ ਦਿੱਤਾ। ਅੱਜ ਵੀ ਉਸ ਅਸਥਾਨ ਤੇ ਗੁਰੂਦੇਵ ਜੀ ਦੇ ਪਧਾਰਣ ਵਾਲੀ ਥਾਂ ਤੇ ਉਨ੍ਹਾਂ ਦੀ ਯਾਦ ਵਿੱਚ ਨਿਰੰਤਰ ਧੂਣੀ ਬਲਦੀ ਦੇਖੀ ਜਾ ਸਕਦੀ ਹੈ।

ਗੁਰੂ ਜੀ ਮਾਨਵ ਸਿਧਾਂਤ ਪ੍ਰਪੱਕ ਕਰਵਾ ਕੇ ਅੱਗੇ ਤੁਰ ਪਏ।



ਗੁਰਦੁਆਰਾ ਗੁਰੂ ਨਾਨਕ ਦੇਵ ਜੀ, ਸੀਤਲਕੁੰਡ, ਰਾਜਗੀਰ (ਬਿਹਾਰ)



ਗੁਰੂ ਨਾਨਕ ਸੀਤਲਕੁੰਡ, ਰਾਜਗੀਰ (ਬਿਹਾਰ)

**ਗਯਾ (ਬਿਹਾਰ):–** ਗੁਰੂ ਜੀ, ਮਰਦਾਨਾ ਜੀ ਅਤੇ ਸ਼ਰਧਾਲੂ ਰਾਜਗੀਰ ਤੋਂ 60 ਕਿ.ਮੀ. ਚੱਲ ਕੇ **ਸਰਸੂ, ਗਹਿਲੋਰ, ਉਸਾਰੀ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਫਲਗੂ ਨਦੀ ਦੇ ਕਿਨਾਰੇ ਵੱਸੇ ਤੀਰਥ ਅਸਥਾਨ ਗਯਾ ਪਹੁੰਚ ਕੇ ਨਦੀ ਕਿਨਾਰੇ ਡੇਰਾ ਲਾ ਲਿਆ। ਸੰਗਤ ਨੇ ਦਸਿਆ ਕਿ ਇਸ ਥਾਂ ਤੇ ਇਕ ਭਗਤ ਦੀ ਭਗਤੀ ਤੋਂ ਪ੍ਰਸੰਨ ਹੋ ਕੇ ਵਿਸ਼ਨੂੰ ਭਗਵਾਨ ਨੇ ਉਸ ਨੂੰ ਬਖ਼ਸ਼ਿਸ ਕੀਤੀ ਕਿ ਜੋ ਉਸ ਦੇ ਦਰਸ਼ਨ ਕਰੇਗਾ, ਉਸ ਨੂੰ ਮੁਕਤੀ ਮਿਲੇਗੀ। ਇਸ ਮਨੌਤ ਨੂੰ ਪੁਗਾਉਣ ਖਾਤਰ ਯਾਤਰੀ ਆਪਣੇ ਪਿਤਰਾਂ ਦੀ ਗਤੀ ਕਰਵਾਉਣ ਲਈ ਕਈ ਪ੍ਰਕਾਰ ਦੇ ਚੜ੍ਹਾਵੇ ਅਤੇ ਪੰਡਿਆਂ ਨੂੰ ਧਨ ਦਾਨ ਕਰਨ ਲਈ ਆਏ ਬੈਠੇ ਸਨ। ਉਹ ਲੋਕ ਦੀਵੇ ਬਾਲ-ਬਾਲ ਕੇ ਆਪਣੇ-ਆਪਣੇ ਪਿਤਰਾਂ ਨੂੰ ਮੁਕਤੀ ਦਾ ਰਸਤਾ ਵਿੱਖਾ ਰਹੇ ਸਨ।



ਇਹ ਸ਼ਹਿਰ 750 ਸੀ.ਈ. ਵਿੱਚ ਸਮੁੰਦਰ ਗੁਪਤ ਮੋਰੀਆ ਨੇ ਪ੍ਰਗਟ ਕੀਤਾ

ਅੰਧ ਵਿਸ਼ਵਾਸ ਵੇਖ ਕੇ ਗੁਰੂਦੇਵ ਜੀ ਨੇ ਕਿਹਾ ਕਿ ਇਹ ਕਰਮਕਾਂਡ ਹੈ, ਜਿਸ ਨਾਲ ਸਿਰਫ ਪੰਡਿਆਂ ਦੀ ਉਦਰ ਪੂਰਤੀ ਹੁੰਦੀ ਹੈ। ਪਿੱਤਰਾਂ ਨੂੰ ਇਸ ਤੋਂ ਕੋਈ ਲਾਭ ਨਹੀਂ ਹੁੰਦਾ।

ਗੁਰੂਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਰਬਾਬ ਛੇੜਨ ਲਈ ਕਿਹਾ ਅਤੇ ਆਪ ਅਲਾਹੀ ਫੁਰਮਾਨ ਗਾਇਨ ਕਰਨ ਲੱਗੇ।

"ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥
ਲੋਕਾ ਮਤ ਕੋ ਫਕੜਿ ਪਾਇ ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥੧॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੩੫੮

"ਪ੍ਰਭੂ ਦੀ ਬਾਣੀ ਹੀ ਮੇਰਾ ਦੀਪਕ ਹੈ। ਉਸ ਵਿੱਚ ਦੁਖ ਦਾ ਤੇਲ ਬਲ ਰਿਹਾ ਹੈ। ਪ੍ਰਭੂ ਨਾਮ ਰੂਪੀ ਦੀਪਕ ਨੇ ਦੁੱਖਾਂ ਦਾ ਨਾਸ ਕਰ ਦਿੱਤਾ ਹੈ। ਜਿੱਥੇ ਰੱਬ ਦੀ ਭਗਤੀ ਹੁੰਦੀ ਹੈ ਉੱਥੇ ਜਮਾਂ ਦੀ ਪਹੁੰਚ ਨਹੀਂ ਹੁੰਦੀ। ਜਿਸ ਤਰਾਂ ਲਕੜਾਂ ਦੇ ਢੇਰ ਨੂੰ ਅੱਗ ਦੀ ਇਕ ਚਿੰਗਾੜ ਸਾੜ ਕੇ ਸੁਆਹ ਕਰ ਦਿੰਦੀ ਹੈ, ਉਸੇ ਤਰਾਂ ਪਾਪਾਂ ਨੂੰ ਨਾਸ ਕਰਣ ਲਈ **'ਹਰਿਨਾਮ'** ਹੀ ਕਾਫੀ ਹੈ। ਪਰਮਾਤਮਾ ਹੀ ਮੇਰੀ ਸ਼੍ਰਧਾ ਦਾ ਪਿੰਡ ਅਤੇ ਟਿਕਾਣਾ ਹੈ, ਇਸ ਲੋਕ ਵਿੱਚ ਅਤੇ ਪਰਲੋਕ ਵਿੱਚ, ਵਰਤਮਾਨ ਵਿੱਚ ਅਤੇ ਭਵਿੱਖ ਵਿੱਚ ਪ੍ਰਭੂ ਹੀ ਮੇਰਾ ਆਧਾਰ ਹੈ। ਪ੍ਰਭੂ ਦੀ ਆਰਾਧਨਾ ਹੀ ਗੰਗਾ ਅਤੇ ਬਨਾਰਸ ਹੈ, ਆਤਮ ਚਿੰਤਨ ਹੀ ਕਾਸ਼ੀ ਵਿੱਚ ਵਹਿਣ ਵਾਲੀ ਗੰਗਾ ਦੀਆਂ ਪਵਿਤ੍ਰ ਧਾਰਾਵਾਂ ਹਨ। ਇਸ ਪਵਿਤ੍ਰ ਥਾਂ ਨੂੰ ਤਦ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਜਦੋਂ ਮਨ, ਭਗਵਨ ਭਜਨ ਵਿੱਚ ਲੀਨ ਹੋ ਜਾਵੇ। ਫਿਰ ਪ੍ਰਭੂ ਲੱਡੂਆਂ ਦੇ ਪ੍ਰਸ਼ਾਦ ਦੀ ਵਰਸ਼ਾ ਕਰਦਾ ਹੈ। ਅਜਿਹੀ ਬਖਸ਼ਿਸ਼ ਕਦੇ ਮੁੱਕਦੀ ਨਹੀਂ।"

ਗੁਰੂਦੇਵ ਜੀ ਦੇ ਇਸ ਉਪਦੇਸ਼ ਨਾਲ ਪੰਡੇ ਅਤੇ ਜਨ ਸਮੂਹ ਬਹੁਤ ਪ੍ਰਭਾਵਿਤ ਹੋਏ। ਇਸ ਤਰਾਂ ਉਸ ਥਾਂ ਤੇ ਸੰਗਤ ਦੇ ਸਹਿਯੋਗ ਨਾਲ ਗੁਰੂਦੇਵ ਜੀ ਨੇ **ਇਕ ਧਰਮਸਾਲਾ ਬਣਵਾਈ।** ਜਿੱਥੇ ਹਰ ਰੋਜ ਸਤਿਸੰਗ ਹੋਣ ਲੱਗਾ, ਜਿਸ ਵਿੱਚ ਕਰਮਕਾਂਡਾਂ ਨੂੰ ਤਿਆਗ ਕੇ ਸੱਤਿ ਦੀ ਵਿਆਖਿਆ ਹੋਣ ਲੱਗੀ।

ਪੁਜਾਰੀਆਂ ਨੇ ਵੀ ਗੁਰੂਦੇਵ ਜੀ ਦੇ ਚਰਨਾਂ ਵਿੱਚ ਅਪਣੇ ਉਧਾਰ ਲਈ ਬੇਨਤੀ ਕੀਤੀ। ਗੁਰੂਦੇਵ ਜੀ ਨੇ ਕਿਹਾ ਕਿ ਆਪ ਲੋਕ ਭਵਿੱਖ ਵਿੱਚ ਸਦਾਚਾਰੀ ਜੀਵਨ ਬਤੀਤ ਕਰੋਗੇ ਤਾਂ ਆਪ ਦਾ ਕਲਿਆਣ ਵੀ ਜਰੂਰ ਹੋਵੇਗਾ।




ਗੁਰੂ ਜੀ ਗਯਾ ਵਿੱਚ ਸੰਗਤ ਨੂੰ ਉਪਦੇਸ਼ ਕਰਦਿਆਂ

**ਕਿਹਾ ਜਾਂਦਾ ਹੈ ਕਿ ਰਾਮਚੰਦਰ ਜੀ, ਸੀਤਾ ਜੀ ਅਤੇ ਲਕਸ਼ਮਣ ਜੀ ਨਾਲ ਇਥੇ ਆਪਣੇ ਪਿਤਰਾਂ ਦੇ ਪਿੰਡ ਭਰਨ ਲਈ ਆਏ ਸਨ।**

**ਬੋਧ ਗਯਾ (ਬਿਹਾਰ):-** ਗੁਰੂ ਜੀ, ਮਰਦਾਨਾ ਜੀ ਅਤੇ ਸ਼ਰਧਾਲੂ ਗਯਾ ਤੋਂ 15 ਕਿ.ਮੀ. ਚੱਲ ਕੇ ਬੋਧਗਯਾ ਪਹੁੰਚ ਕੇ ਬੁੱਧ ਧਰਮ ਦੇ ਪ੍ਰਮੁੱਖ ਪ੍ਰਚਾਰਕ ਭਿਕਸ਼ੂ ਦੇਵਗ੍ਰਹਿ ਨੂੰ ਜਾ ਮਿਲੇ। ਪ੍ਰੰਤੂ ਉਸ ਸਮੇਂ ਉੱਥੇ ਬੁਧ ਮਤ ਦਾ ਪ੍ਰਭਾਵ ਘਟਦਾ ਜਾ ਰਿਹਾ ਸੀ। ਕਿਉਂ ਜੋ ਉੱਥੇ ਮਾਧਵਚਾਰੀਆ ਤੇ ਵੈਸ਼ਨਵਾਂ ਦਾ ਪ੍ਰਚਾਰ ਜ਼ੋਰਾਂ ਤੇ ਸੀ।

ਭਿਕਸ਼ੂ ਦੇਵ ਗ੍ਰਹਿ ਹਰ ਰੋਜ਼ ਗੁਰੂ ਜੀ ਦੇ ਅਲਾਹੀ ਪ੍ਰਵਚਨ ਸੁਣ ਕੇ ਇੰਤਨਾ ਪ੍ਰਭਾਵਤ ਹੋਇਆ ਕਿ ਉਹ ਗੁਰੂ ਜੀ ਦਾ ਪੱਕਾ ਸਿੱਖ ਸੇਵਕ ਬਣ ਗਿਆ। ਗੁਰੂ ਜੀ ਨੇ ਉਸ ਨੂੰ **'ਬੋਧਗਯਾ ਨਗਰ'** ਵਿੱਚ ਧਰਮਸਾਲਾ ਬਣਵਾ ਕੇ ਉੱਥੋ ਦਾ ਮੁੱਖ ਪ੍ਰਚਾਰਕ ਥਾਪ ਦਿੱਤਾ।

ਭਿਖਸ਼ੂ ਦੇਵਗ੍ਰਿਹ ਨੇ ਗੁਰੂ ਜੀ ਦੇ ਫੁਰਮਾਨ ਅਨੁਸਾਰ ਸ਼ਾਦੀ ਕਰਕੇ ਗ੍ਰਿਸਤੀ ਜੀਵਨ ਜਿਉਂਣਾ ਸ਼ੁਰੂ ਕਰ ਦਿੱਤਾ।




**ਗੁਰੂਦੇਵ ਜੀ ਭਿਖਸ਼ੂ ਦੇਵਗ੍ਰਹਿ ਨੂੰ ਸੋਝੀ ਬਖ਼ਸ਼ਦੇ ਹੋਏ**

ਗੁਰੂ ਜੀ ਬਹੁਤ ਦਿਨ ਉੱਥੇ ਠਹਿਰੇ ਅਤੇ ਰਾਜੋਲੀ ਵੱਲ ਨੂੰ ਤੁਰ ਪਏ।



**ਕਿਹਾ ਜਾਂਦਾ ਹੈ ਕਿ ਸਿਧਾਰਥ (ਬੁਧ) ਜੀ ਨੂੰ ਇਥੇ ਬਰਗਦ ਦੇ ਪੇੜ ਹੇਠਾਂ ਬੇਠਿਆਂ ਗਿਆਨ ਪ੍ਰਪਾਤ ਹੋਇਆ**

**ਰਾਜੌਲੀ :-** ਗੁਰੂ ਜੀ, ਮਰਦਾਨਾ ਜੀ ਅਤੇ ਸ਼ਰਧਾਲੂ ਬੋਧ ਗਯਾ ਤੋਂ 70 ਕਿ.ਮੀ. ਚਲ ਕੇ ਫਾਲਗੂ ਨਦੀ ਪਾਰ ਕਰਕੇ **ਕਨਹੌਲ, ਬਾਂਕੀਚੱਕ, ਸੁਲਤਾਨਪੁਰ ਦਿਬੜ, ਮਾਇਆਪੁਰ, ਕਾਂਤੀ** ਆਦਿ ਵਿੱਚ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ **ਤ੍ਰੇਤੇ ਯੁਗ** ਵਿੱਚ ਹੋਏ **ਅਯੁਧਿਆ ਦੇ ਰਾਜਾ ਰਾਮਚੰਦਰ ਜੀ** ਦੇ ਸਮੇਂ ਹੋਏ **ਰਾਜੌਲੀ ਕਸ਼ਤਰੀ** ਦੀ ਰਾਜਧਾਨੀ ਵਿੱਚ ਪਹੁੰਚ ਕੇ ਅਲਾਹੀ ਕੀਰਤਨ ਆਰੰਭ ਕਰ ਦਿੱਤਾ। ਇਕ ਸੂਫੀ ਦਰਵੇਸ ਕਲੂਨ ਸ਼ਾਹ ਕੀਰਤਨ ਸਰਵਨ ਕਰਨ ਲਈ ਆ ਬੈਠਾ। ਉਸ ਤੇ ਅਜਿਹਾ ਪ੍ਰਭਾਵ ਪਿਆ ਕਿ ਉਹ ਆਪਣੇ ਚੇਲਿਆਂ ਸਮੇਤ ਗੁਰੂ ਜੀ ਦਾ ਮੁਰੀਦ ਬਣ ਗਿਆ। ਗੁਰੂ ਜੀ ਉਥੇ ਬਹੁਤ ਦਿਨ ਠਹਿਰੇ।



ਤ੍ਰੇਤੇ ਯੁਗ ਵਿੱਚ ਵੱਸਿਆ ਸ਼ਹਿਰ

ਉਥੇ ਪੀਰ ਨਾਨਕ ਸ਼ਾਹ ਵੱਡੀ ਸੰਗਤ ਅਤੇ ਛੋਟੀ ਸੰਗਤ ਅਸਥਾਨ ਬਨਾਏ ਗਏ। ਜਿਨ੍ਹਾਂ ਵਾਸਤੇ ਉਥੋ ਦੇ ਹਾਕਮ ਨੇ ਚਾਰ ਏਕੜ ਭੂਮੀ ਵੀ ਦਿੱਤੀ। ਇਸ ਅਸਥਾਨ ਤੇ ਹੱਥ ਲਿਖਿਤ **"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ"** ਵੀ ਸਭਾਲੇ ਹੋਏ ਹਨ। ਅੱਜ ਵੀ ਉਥੇ ਗੁਰੂ ਜੀ ਦੀ ਯਾਦ ਵਿੱਚ **ਅਲਾਹੀ ਜੋਤਿ** ਜਗ ਰਹੀ ਹੈ।



ਗੁਰਦੁਆਰਾ ਸਾਹਿਬ, ਵੱਡੀ ਸੰਗਤ, ਰਾਜੌਲੀ

**ਧੰਨਬਾਦ (ਝਾਰਖੰਡ):–** ਗੁਰੂ ਜੀ, ਮਰਦਾਨਾ ਜੀ ਅਤੇ ਸ਼ਰਧਾਲੂ ਰਾਜੌਲੀ ਤੋਂ 190 ਕਿ.ਮੀ. ਚਲ ਕੇ **ਗੋਪਾਲਪੁਰ, ਬਿਸ਼ਨੂਪੁਰ, ਕਰਮਾ, ਝੂਮਰੀ ਤਲਾਈਆ, ਗੇਨਗ, ਉਰਵਨ, ਪੋਰਾਹੀਆ, ਕੋਨਰਾ, ਧਲਵਰ, ਸਿੰਘਪੁਰ ਕਲਾਂ, ਰਾਣੀ ਚੁਨਵਾ, ਬਰਕਾਤਾ, ਜਾਵਰ, ਪਹਾੜਪੁਰ, ਗੋਰਹਰ, ਬਗੋਦਰ, ਤਰਨਾਰੀ, ਕੁਲਗੋ, ਤੋਪਚਾਂਚੀ, ਲਕਸ਼ਮਨਪੁਰ, ਰਾਜਗੰਜ, ਕਲਿਆਣਪੁਰ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਧੰਨਬਾਦ ਪਹੁੰਚ ਗਏ। ਗੁਰੂ ਜੀ ਇਸ ਕਸਬੇ ਵਿੱਚ ਬਹੁਤ ਦਿਨ ਠਹਿਰ ਕੇ ਅਲਾਹੀ ਕੀਰਤਨ ਕਰਦੇ ਰਹੇ।



ਇਹ ਸ਼ਹਿਰ ਭਾਰਤ ਦਾ 39ਵਾਂ ਵੱਡਾ ਸ਼ਹਿਰ ਹੈ। **7ਵੀਂ ਸਦੀ ਈ. ਤੋਂ ਵੀ ਪਹਿਲਾਂ ਦਾ ਵਸਿਆ ਹੋਇਆ ਹੈ। ਇਥੇ ਮੁੰਦਾਰੀ ਅਤੇ ਕਲਾਰੀਅਨ ਕਬੀਲੇ ਰਾਜ ਕਰਦੇ ਸਨ।**



**ਗੁਰਦੁਆਰਾ ਸਾਹਿਬ, ਧੰਨਬਾਦ**

**ਰਾਂਚੀ (ਝਾਰਖੰਡ):-** ਗੁਰੂ ਜੀ, ਮਰਦਾਨਾ ਜੀ ਅਤੇ ਸ਼ਰਧਾਲੂ ਧੰਨਬਾਦ ਤੋਂ 150 ਕਿ.ਮੀ. ਚਲ ਕੇ **ਗਨਸ਼ਾਦ, ਗਰਭੂੰਦੀ, ਪਡੂਗੋਰਾ, ਤਲਮੁਚੂ, ਕੁਸ਼ਨਗਰ, ਇਸਲਾਮਪੁਰ, ਕਲਿਆਨਪੁਰ, ਸੋਨਾਮਾਤਾ ਨਗਰ, ਬਨਤਾਰਾ, ਬਰੈਤੂ, ਪੰਚਾ, ਖੇਲਗਾਓਂ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਰਾਂਚੀ ਸ਼ਹਿਰ ਪਹੁੰਚ ਗਏ। ਇਥੇ ਗੁਰੂ ਜੀ ਬਹੁਤ ਦਿਨ ਅਲਾਹੀ ਕੀਰਤਨ ਕਰਦੇ ਰਹੇ। ਇਥੋਂ ਦੀ ਸੰਗਤ ਨੂੰ ਅਸਲ ਜੀਵਨ ਜਿਉਂਣ ਦੀ ਜਾਚ ਸਿੱਖਾ ਕੇ ਅੱਗੇ ਤੁਰ ਪਏ।



ਇਹ ਸ਼ਹਿਰ 5ਵੀ ਸਦੀ ਬੀ.ਸੀ.ਈ. ਵਿੱਚ ਵਸਾਇਆ ਗਿਆ



ਗੁਰਦੁਆਰਾ ਸਾਹਿਬ, ਰਾਂਚੀ

**ਕੇਂਦੂਝਾੜ/ ਕੋਇਨਝਾੜ (ਉੜੀਸ਼ਾ):-** ਗੁਰੂ ਜੀ, ਮਰਦਾਨਾ ਜੀ ਅਤੇ ਸ਼ਰਧਾਲੂ ਰਾਂਚੀ ਤੋਂ 200 ਕਿ.ਮੀ. ਚਲ ਕੇ **ਹਈਆ, ਦੁੰਦੂ, ਕਲਾਮਤੀ, ਚਿਕੋਰ, ਖੂੰਟੀ, ਪੋਕਲਾ, ਕੁੜਕੀ, ਗੁਮਪੂਰੂ, ਜਲਮੈ, ਕੋਪਾ, ਜਨਕੋ, ਨੰਦਪੁਰ, ਰਾਜਾਪਰਮ, ਖੁਤਪਨੀ, ਪੰਚੋ, ਕਮਾਰਹੱਤੂ, ਜੋਰਾ ਪੋਖਰ, ਜਗਨਨਾਥਪੁਰ, ਕੰਚਨਪੁਰ, ਬਲਭਦਰਪੁਰ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦੇ ਹੋਏ ਪਹੁੰਚ ਗਏ। ਉਥੇ ਡਾਕੂਆਂ ਦੇ ਸਰਦਾਰ ਨੇ ਗੁਰੂ ਜੀ ਦੇ ਮੁੱਖ ਦਾ ਤੇਜ ਪ੍ਰਤਾਪ ਵੇਖ ਕੇ ਅਨੁਮਾਨ ਲਗਾਇਆ ਕਿ ਇਹ ਕੋਈ ਅਮੀਰ ਵਪਾਰੀ ਹੈ ਪਰ ਸਾਧੂ ਦਾ ਭੇਸ ਧਾਰਣ ਕਰਕੇ ਉਨ੍ਹਾਂ ਤੋਂ ਬਚ ਕੇ ਨਿਕਲਣਾ ਚਾਹੁੰਦਾ ਹੈ। ਇਸ ਲਈ ਉਨ੍ਹਾਂ ਨੇ ਗੁਰੂ ਜੀ ਨੂੰ ਜਾਨ ਤੋਂ ਮਾਰ ਮੁਕਾਉਣਾ ਚਾਹਿਆ। ਪ੍ਰੰਤੂ ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਠਿਕ ਹੈ, ਅਸੀਂ ਮਰਨ ਲਈ ਤਿਆਰ ਹਾਂ। ਪਰ ਸਾਡੀ ਅੰਤਿਮ ਇੱਛਾ ਹੈ ਕਿ ਸਾਡੀਆਂ ਲੋਥਾਂ ਦਾ ਦਾਹ-ਸੰਸਕਾਰ ਵੀ ਕਰ ਦੇਣਾ। ਇਸ ਲਈ ਤੁਸੀਂ ਪਹਿਲਾਂ ਅੱਗ ਦਾ ਪ੍ਰਬੰਦ ਕਰ ਲਵੋ।"




**ਇਹ ਸ਼ਹਿਰ 12ਵੀਂ ਸਦੀ ਵਿੱਚ ਜੋਤੀ ਭਾਜਾ ਦੀ ਰਾਜਧਾਨੀ ਸੀ**

ਇਸ ਲਈ ਦੋ ਡਾਕੂ ਅੱਗ ਲੈਣ ਲਈ ਦੂਰੋਂ ਦਿਸਦੇ ਧੂਏਂ ਵੱਲ ਚੱਲ ਪਏ। ਉੱਥੇ ਪੁੱਜ ਕੇ ਕੀ ਵੇਖਦੇ ਹਨ, ਪਿੰਡ ਦੇ ਲੋਕ ਇਕ ਅਰਥੀ ਦਾ ਸਸਕਾਰ ਕਰ ਰਹੇ ਸਨ ਅਤੇ ਸਾਰੇ ਲੋਕ ਮ੍ਰਿਤਕ ਪ੍ਰਾਣੀ ਦੇ ਦੁਸ਼ਕਰਮਾਂ ਦੀ ਨਿੰਦਿਆ ਕਰ ਰਹੇ ਹਨ ਕਿ ਜੇ ਉਹ ਮਨੁੱਖ ਅਪਰਾਧੀ ਨਾ ਹੁੰਦਾ ਤਾਂ ਅੱਜ ਉਸ ਨੂੰ ਇਸ ਤਰਾਂ ਮੌਤ ਦੀ ਸਜ਼ਾ ਨਾ ਮਿਲਦੀ।

ਉਹ ਵਾਪਸ ਆ ਕੇ ਗੁਰੁਦੇਵ ਜੀ ਦੇ ਚਰਨਾਂ 'ਚ ਡਿਗ ਕੇ ਆਖਣ ਲੱਗੇ, "ਹਜੂਰ ਸਾਨੂੰ ਮਾਫ ਕਰਨਾ। ਆਪ ਮਹਾਂਪੁਰਖ ਹੋ। ਜੇਕਰ ਤੁਸਾਂ ਦੀ ਹੱਤਿਆ ਕਰ ਦਿੱਤੀ ਤਾਂ ਲੋਕ-ਪਰਲੋਕ ਵਿੱਚ ਸਾਡੀ ਨਿੰਦਿਆ ਹੋਵੇਗੀ ਅਤੇ ਧਰਮਰਾਜ ਦੇ ਦਰਬਾਰ ਵਿੱਚ ਜੋ ਸਜਾ ਮਿਲੇਗੀ ਉਹ ਵਖਰੀ। ਤੁਸੀਂ ਸਾਨੂੰ ਅਪਣਾ ਸਿੱਖ ਬਣਾ ਲਓ। ਅਸੀਂ ਸੌਂਹ ਚੁਕਦੇ ਹਾਂ ਕਿ ਅਸੀਂ ਅੱਗੇ ਤੋਂ ਨੇਕ ਨਾਮੀ ਵਾਲਾ ਜੀਵਨ ਜੀਵਾਂਗੇ।"

**ਗੁਰੁਦੇਵ ਜੀ ਨੇ ਕਿਹਾ, "ਤੁਸੀਂ ਖੇਤੀ-ਬਾੜੀ ਦਾ ਕੰਮ ਕਰੋ, ਲੁੱਟੀ ਹੋਈ ਧਨ ਸੰਪੱਤੀ ਗਰੀਬਾਂ ਵਿੱਚ ਵੰਡ ਦਿਓ ਅਤੇ ਦੀਨ-ਦੁਖੀਆਂ ਦੀ ਸੇਵਾ ਕਰੋ।"**

ਡਾਕੂਆਂ ਦੇ ਜੀਵਨ ਵਿੱਚ ਕ੍ਰਾਂਤੀ ਆ ਗਈ। ਉਹ ਸੱਚੇ ਅਰਥਾਂ ਵਿੱਚ ਮਨੁੱਖਤਾ ਦੇ ਆਸ਼ਿਕ ਅਤੇ ਉਪਾਸ਼ਕ ਬਣ ਗਏ।

**ਕਟਕ (ਉਡੀਸ਼ਾ):** ਗੁਰੂ ਜੀ, ਮਰਦਾਨਾ ਜੀ ਅਤੇ ਸ਼ਰਧਾਲੂ ਵਿੱਚ ਕੇਂਦੂਝਾੜ ਤੋਂ 200 ਕਿ.ਮੀ. ਚੱਲ ਕੇ **ਬਲਾਨੀਪਾਸੀ, ਜੁੰਗਾ, ਮਾਨਾਪੁਰ, ਹੈਗਪੁਰ, ਬਾਮਨੀਪਾਲ, ਪਤਾਪੁਰ, ਪਬਲ, ਚਿੱਤਾਲਪੁਰ ਤੋਂ ਬਾਹਮਨੀ ਨਦੀ ਪਾਰ ਕਰਕੇ ਛੱਤੀਗੜ, ਅਗਰਾਹੱਟ** ਆਦਿ ਵਿੱਚ ਅਲਾਹੀ ਕੀਰਤਨ ਕਰਦਿਆਂ ਕਟਕ ਨਗਰ ਵਿੱਚ ਜਾ ਪਹੁਚੇ।



ਇਹ ਸ਼ਹਿਰ 989 ਏ.ਡੀ. ਵਿੱਚ ਵਸਾਇਆ ਗਿਆ

ਕਟਕ ਦਾ ਰਾਜਾ, ਦੇਵੀ ਦਾ ਉਪਾਸ਼ਕ ਸੀ। ਜਦੋਂ ਉਸ ਨੇ ਗੁਰੂ ਜੀ ਦੇ ਪ੍ਰਵਚਨ ਸੁਣੇ ਤਾਂ ਉਸ ਨੇ ਦੇਵੀ ਦੇਵਤਿਆਂ ਦੀ ਅਰਾਧਨਾ ਤਿਆਗ ਦਿੱਤੀ। ਇਹ ਵੇਖ ਕੇ ਉਸ ਦਾ ਗੁਰੂ **'ਚੈਤੰਨਏ ਭਾਰਤੀ'** ਆਪਣੀ ਪ੍ਰਭੁਤਾ ਖਤਮ ਹੁੰਦੀ ਵੇਕ ਕੇ, ਕ੍ਰੋਧਿਤ ਹੋ ਗਿਆ। ਉਸ ਨੇ ਅਪਣੀ ਤਾਂਤ੍ਰਿਕ ਸ਼ਕਤੀਆਂ ਨਾਲ ਗੁਰੂ ਜੀ ਨੂੰ ਮਾਰ ਮੁਕਾਣ ਦੇ ਯਤਨ ਸ਼ੁਰੂ ਕਰ ਦਿੱਤੇ।

ਪ੍ਰੰਤੂ ਜਦੋਂ ਉਸ ਨੇ ਅਲਾਹੀ ਕੀਰਤਨ ਸੁਣਿਆ ਤਾਂ ਉਸ ਦਾ ਕ੍ਰੋਧ ਮੱਠਾ ਹੋ ਗਿਆ ਅਤੇ ਉਸ ਦੀਆਂ ਤਾਂਤ੍ਰਿਕ ਤਾਕਤਾਂ ਨਾਕਾਰਾ ਹੋ ਗਈਆਂ। **'ਚੈਤੰਨਏ' ਨੂੰ ਅਪਣੀ ਭੁੱਲ ਦਾ ਅਹਿਸਾਸ ਹੋ ਗਿਆ।** ਉਸ ਨੇ ਮਿੱਤਰਤਾ ਦਾ ਪ੍ਰਤੀਕ **ਇਕ ਛੋਟਾ ਜਿਹਾ ਬੂਟਾ, ਗੁਰੂਦੇਵ ਜੀ ਦੀ ਸੇਵਾ ਵਿੱਚ ਭੇਟਾ ਕੀਤਾ।** ਉਹ ਬੂਟਾ ਉੱਥੇ ਹੀ ਲਗਾ ਦਿੱਤਾ ਗਿਆ ਜੋ ਅੱਜ ਉਹ ਬੂਟਾ ਇਕ ਬ੍ਰਿਛ ਦੇ ਰੂਪ ਵਿੱਚ ਕਟਕ ਵਿੱਚ ਸੁਭਾਇਮਾਨ ਹੈ। ਇਸ ਅਸਥਾਨ ਤੇ **ਗੁਰਦੁਆਰਾ ਦਾਤਨ ਸਾਹਿਬ, ਸੁਸ਼ੋਭਤ ਹੈ।**



ਗੁਰਦੁਆਰਾ ਦਾਤਨ ਸਾਹਿਬ, ਕਟਕ (ਉੜੀਸ਼ਾ)

**ਪੁਰੀ ਨਗਰ:** ਗੁਰੂ ਜੀ ਸਾਥੀਆਂ ਸਮੇਤ **ਕਟਕ ਤੋਂ** 85 ਕਿ.ਮੀ. ਚਲ ਕੇ **ਗਾਂਧਰਪੁਰ, ਭੁਵਨੇਵਸ਼ਰ, ਉੱਤਰਾ, ਹਸਨਾਪੁਰ, ਹਰੀਪੁਰ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ 'ਪੁਰੀ ਨਗਰ' ਪਹੁੰਚ ਗਏ। ਉੱਥੇ ਜਗਤ ਨਾਥ (ਸ੍ਰੀ ਕ੍ਰਿਸ਼ਨ ਜੀ) ਦੀ ਰੱਥ ਯਾਤਰਾ ਕੱਢਣ ਦਾ ਪੁਰਵ ਮਨਾਇਆ ਜਾ ਰਿਹਾ ਸੀ।



**ਸਤਿਯੁਗ ਵਿੱਚ ਰਾਜਾ ਇੰਦਰਦੀਯੁਮਨਾ ਆਬਾਂਟੀ ਨੇ ਜਗਨਾਥ ਮੰਦਿਰ ਬਨਵਾਇਆ**

ਗੁਰੂ ਜੀ ਨੇ ਸਮੁੰਦਰ ਦੇ ਕੰਢੇ ਬੈਠ ਕੇ ਇਸ ਅਲਾਹੀ ਸ਼ਬਦ ਦਾ ਕੀਰਤਨ ਆਰੰਭ ਕਰ ਦਿੱਤਾ।

"ਦੂਜੀ ਮਾਇਆ ਜਗਤ ਚਿਤ ਵਾਸੁ ॥ ਕਾਮ ਕ੍ਰੋਧ ਅਹੰਕਾਰ ਬਿਨਾਸੁ ॥੧॥
ਦੂਜਾ ਕਉਣੁ ਕਹਾ ਨਹੀ ਕੋਈ ॥ ਸਭ ਮਹਿ ਏਕੁ ਨਿਰੰਜਨ ਸੋਈ ॥੧॥ ਰਹਾਉ ॥ **(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 223)**

ਸਮਾਪਤੀ ਉਪ੍ਰੰਤ ਗੁਰੂ ਜੀ ਨੇ ਪ੍ਰਵਚਨਾਂ ਵਿੱਚ ਕਿਹਾ, "ਪ੍ਰਭੂ ਪਰਮੇਸ਼ਵਰ ਹੀ ਜਗਤ ਨਾਥ ਹੈ ਜੋ ਕਣ-ਕਣ ਵਿੱਚ ਵਸਿਆ ਹੋਇਆ ਹੈ। ਕਾਰੀਗਰ ਵੱਲੋਂ ਬਨਾਈ ਪੱਥਰ ਦੀ ਮੂਰਤੀ ਕਿਵੇਂ ਜਗਤਨਾਥ ਹੋ ਸਕਦੀ ਹੈ।

ਜੇਕਰ ਅਸੀਂ ਇਸ ਮੂਰਤੀ ਨੂੰ ਜਗਤ ਨਾਥ ਮੰਨ ਵੀ ਲੈਂਦੇ ਹਾਂ ਤਾਂ ਇਸ ਦਾ ਨਿਰਮਾਣ ਕਰਤਾ ਪ੍ਰਭੂ ਤੋਂ ਵੀ ਉਪਰ ਹੋ ਜਾਂਦਾ ਹੈ। ਲੋਕ ਗੁਰੁਦੇਵ ਜੀ ਦੇ ਪ੍ਰਵਚਨ ਸੁਣ ਕੇ ਬਹੁਤ ਪ੍ਰਭਾਵਿਤ ਹੋਏ ਪ੍ਰੰਤੂ ਸਥਾਨਿਕ ਪੁਜਾਰੀਆਂ ਨੂੰ ਇਹ ਵਿਚਾਰ, ਚੰਗੇ ਨਹੀਂ ਲੱਗੇ। ਉਹ ਆਪਸ ਵਿੱਚ ਕਾਨਾਫੂਸੀ ਕਰਣ ਲੱਗ ਪਏ ਕਿ ਇਕ ਸਾਧੂ ਪੰਜਾਬ ਤੋਂ ਆਇਆ ਹੋਇਆ ਹੈ ਜੋ ਮੂਰਤੀ ਪੂਜਾ ਦਾ ਖੰਡਨ ਕਰ ਰਿਹਾ ਹੈ ਅਤੇ ਕਹਿ ਰਿਹਾ ਹੈ ਕਿ ਇਹ ਪੱਥਰ ਦੀ ਮੂਰਤੀ ਜਗਤ ਨਾਥ ਕਿਵੇਂ ਹੋ ਸਕਦੀ ਹੈ ਕਿਉਂਕਿ ਉਹ, **ਸਰਵ ਵਿਆਪਕ ਪ੍ਰਭੂ ਅਪਣੇ ਆਪ ਤੋਂ ਉਤਪੰਨ ਹੋਇਆ ਹੈ।** ਉਸ ਈਸ਼ਵਰ ਦਾ ਨਿਰਮਾਣ, ਪੱਥਰ ਯਾ ਮਿੱਟੀ ਤੋਂ ਨਹੀਂ ਕੀਤਾ ਜਾ ਸਕਦਾ, ਉਹ ਅਜੋਨੀ ਹੈ।

ਇਹ ਖ਼ਬਰ **ਰਾਜਾ ਰੁਦਰ ਪ੍ਰਤਾਪ ਨੂੰ** ਵੀ ਮਿਲੀ। ਉਹ ਬਹੁਤ ਵਿਦਵਾਨ ਪੁਰਸ਼ ਸੀ। ਉਹ ਆਪ ਚੱਲ ਕੇ ਗੁਰੁਦੇਵ ਜੀ ਦੇ ਦਰਸ਼ਨਾਂ ਲਈ ਜਗਨ ਨਾਥ ਮੰਦਿਰ ਵਿੱਚ ਆਇਆ। ਉਸ ਨੇ ਗੁਰੂ ਜੀ ਨੂੰ ਸੰਧਿਆ ਦੀ ਆਰਤੀ ਵਿੱਚ ਸ਼ਾਮਿਲ ਹੋਣ ਲਈ ਕਿਹਾ। ਆਰਤੀ ਦੇ ਸਮੇਂ ਗੁਰੂ ਜੀ ਮੰਦਿਰ ਵਿੱਚ ਪਹੁੰਚ ਗਏ ਪਰ ਆਰਤੀ ਵਿੱਚ ਸ਼ਾਮਿਲ ਨਹੀਂ ਹੋਏ।

ਗੁਰੂ ਜੀ ਅਪਣੇ ਸੇਵਕਾਂ ਨਾਲ ਬੈਠੇ ਮੂਕ ਦਰਸ਼ਕ ਬਣੇ ਰਹੇ। ਆਰਤੀ ਸਮਾਪਤ ਹੁੰਦਿਆਂ ਹੀ ਓਥੋਂ ਦੇ ਪੁਜਾਰੀਆਂ ਅਤੇ ਪ੍ਰਬੰਧਕਾਂ ਨੇ ਗੁਰੁਦੇਵ ਜੀ ਨੂੰ ਘੇਰ ਲਿਆ, "ਆਪ ਆਰਤੀ ਵਿੱਚ ਸ਼ਾਮਿਲ ਕਿਉਂ ਨਹੀਂ ਹੋਏ?" ਗੁਰੁਦੇਵ ਜੀ ਨੇ ਕਿਹਾ, **"ਮੈਂ ਤਾਂ ਅਪਣੇ ਵਿਸ਼ਾਲ ਜਗਨ ਨਾਥ ਦੀ ਆਰਤੀ ਵਿੱਚ ਹਰ ਵੇਲੇ ਹਰ ਪਲ ਸ਼ਾਮਿਲ ਰਹਿੰਦਾ ਹਾਂ। ਉਸ ਦੀ ਆਰਤੀ ਕਦੇ ਵੀ ਸਮਾਪੱਤ ਨਹੀਂ ਹੁੰਦੀ, ਨਿਰੰਤਰ ਚਲਦੀ ਰਹਿੰਦੀ ਹੈ।"** ਇਹ ਸੁਣਕੇ ਪਜਾਰੀ ਪੁੱਛਣ ਲੱਗੇ ਕਿ ਉਹ ਆਰਤੀ ਕਿੱਥੇ ਹੋ ਰਹੀ ਹੈ ਸਾਨੂੰ ਵੀ ਵਿਖਾਓ? ਤਦ ਗੁਰੁਦੇਵ ਜੀ ਅਕਾਲ ਪੁਰਖ ਦੀ ਅਦੁੱਤੀ ਆਰਤੀ ਦਾ ਗਾਇਨ ਕਰਨ ਲੱਗੇ :-

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥ ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥ ਅਨਹਤਾ ਸਬਦ ਵਾਜੰਤ ਭੇਰੀ॥ ਰਹਾਉ॥ ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥ ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸਕੈ ਚਾਨਣਿ ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥ ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ॥" ਅੰਗ-੬੬੩

ਭਾਵ ਗਗਨ ਰੂਪੀ ਥਾਲ ਵਿੱਚ ਸੂਰਜ ਅਤੇ ਚੰਦ੍ਰਮਾ ਦੋ ਦੀਪਕ ਸਦਾ ਹੀ ਜੱਗ ਰਹੇ ਹਨ। ਗਗਨ ਵਿਚਲੇ ਸਿਤਾਰੇ ਉਸ ਥਾਲ ਵਿੱਚ ਜੜੇ ਹੋਏ ਮੋਤੀ ਹਨ, ਮਲਿਆਨਿਲੋ (**ਦਖਿਣ ਵਿੱਚ ਚੰਦਨ ਦੇ ਬਿਰਖਾਂ ਦੀ ਸੁਗੰਧ**) ਧੂਪ-ਬੱਤੀ ਦਾ ਕਾਰਜ ਕਰ ਰਹੀ ਹੈ ਅਤੇ ਪਵਨ (ਹਵਾ) ਵਿਰਾਟ ਸਵਰੂਪ ਭਗਵਾਨ ਦੇ ਸਿਰ ਤੇ ਚਵਰ ਕਰ ਰਹੀ ਹੈ। ਪੂਰੀ ਬਨਾਸਪਤੀ ਫੁੱਲਾਂ ਦੇ ਤੌਰ ਤੇ ਭਗਵਾਨ ਨੂੰ ਸਮਰਪਿਤ ਹੈ। ਇਸ ਤੋਂ ਇਲਾਵਾ (ਹੇ, ਭੈ- ਰਹਿਤ ਪ੍ਰਭੂ) ਭਗਵਾਨ ਜੀ। (ਤੁਹਾਡੀ) ਕਿੱਦਾਂ ਦੀ ਆਰਤੀ ਹੋਵੇ। ਆਪ ਜੀ ਦੀ ਆਰਤੀ ਤਾਂ ਕੁਦਰਤ ਆਪ ਹੀ ਕਰ ਰਹੀ ਹੈ ! ਅਨਹਦ ਸੰਖ ਵਜਾਇਆ ਜਾ ਰਿਹਾ ਹੈ। ਇਸ ਵਿਰਾਟ ਰੂਪ ਵਿੱਚ ਆਪ ਦੇ ਹਜ਼ਾਰਾਂ (ਅੱਖਾਂ) ਨੇਤਰ ਹਨ। ਪਰ ਨਿਰਗੁਣ ਸਵਰੂਪ ਵਿੱਚ ਤੁਸਾਂ ਦੀ ਇਕ ਵੀ ਅੱਖ ਨਹੀਂ ਹੈ। ਵਿਰਾਟ ਸਵਰੂਪ ਵਿੱਚ ਭਗਵਾਨ ਦੇ ਹਜ਼ਾਰਾਂ, ਪਵਿਤ੍ਰ ਚਰਣ ਹਨ ਪਰ ਨਿਰਗੁਣ ਪਾਰਬ੍ਰਹਮ ਦਾ ਇਕ ਵੀ ਪੈਰ ਨਹੀਂ ਹੈ। ਨਿਰਗੁਣ ਸਵਰੂਪ ਵਿੱਚ ਹੇ ਪ੍ਰਭੂ ! ਆਪ ਜੀ ਬਿਨਾਂ ਨਕ ਦੇ ਹੋ ਪਰੰਤੂ ਇਸ ਵਿਰਾਟ ਸਵਰੂਪ ਵਿੱਚ ਤੁਸਾਂ ਦੇ ਹਜਾਰਾਂ ਨੱਕ ਹਨ। ਮੈਂ ਆਪ ਦੀ ਇਹ ਲੀਲਾ ਦੇਖ ਕੇ ਅਚਰਜਤਾ ਵਿੱਚ ਗੁਵਾਚ ਗਿਆ ਹਾਂ। ਹੇ ਜੀਵ ਆਤਮਾ ਸਾਰੇ ਜੀਵਾਂ ਵਿੱਚ ਉਸ ਜੋਤਿ ਸਵਰੂਪ ਪਰਮਾਤਮਾ ਦੀ ਹੀ ਜੋਤਿ ਹੈ ਅਤੇ ਉਸ ਦੇ ਕਾਰਣ ਸਾਰੇ ਮਨੁੱਖਾਂ ਨੂੰ ਪ੍ਰਕਾਸ਼ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਉਸ ਜੋਤਿ ਦਾ ਅਨੁਭਵ ਹੁੰਦਾ ਹੈ। ਜੋ ਜੀਵ ਉਸ ਪਰਮਾਤਮਾ ਨੂੰ ਭਾਉਂਦੇ ਹਨ, ਉਨ੍ਹਾਂ ਦੀ ਹੀ ਆਰਤੀ ਸਵੀਕਾਰ ਹੁੰਦੀ ਹੈ। ਹਰੀ ਦੇ ਚਰਣ ਕਮਲਾਂ ਦਾ ਆਨੰਦ ਪ੍ਰਾਪਤ ਕਰਣ ਲਈ ਮੇਰਾ ਮਨ ਤੜਪ ਰਿਹਾ ਹੈ ਅਤੇ ਮੈਨੂੰ ਦਿਨ-ਰਾਤ ਪ੍ਰਭੂ ਦਰਸ਼ਨਾਂ ਦੀ ਪਿਆਸ ਲੱਗੀ ਰਹਿੰਦੀ ਹੈ। ਹੇ ਪ੍ਰਭੂ ! ਮੇਰੇ ਵਰਗੇ ਪਿਆਸੇ ਪਪੀਹੇ ਨੂੰ ਆਪਣੀ ਕ੍ਰਿਪਾ ਦੀ ਸੁਆਂਤੀ ਬੂੰਦ ਦੇਣ ਦੀ ਕ੍ਰਿਪਾਲਤਾ ਕਰੋ। ਤਾਂ ਜੋ ਮੇਰੇ ਮਨ ਵਿੱਚ ਆਪ ਦੇ ਪਵਿਤਰ ਨਾਮ-ਰੂਪੀ ਅੰਮ੍ਰਿਤ ਦਾ ਨਿਵਾਸ ਹੋ ਜਾਵੇ

ਇਸ ਵਿਆਖਿਆ ਨੂੰ ਸੁਣ ਕੇ **'ਰਾਜਾ ਰੁਦਰ ਪ੍ਰਤਾਪ'** ਸੰਤੁਸ਼ਟ ਹੋਇਆ। ਉਸ ਨੇ ਗੁਰੂਦੇਵ ਜੀ ਤੋਂ ਦੀਖਿਆ ਲੈਣ ਦੀ ਯਾਚਨਾ ਕੀਤੀ। ਤਦ ਗੁਰੂਦੇਵ ਜੀ ਨੇ ਉਥੋਂ ਦੇ ਹੋਰ ਭਗਤਾਂ ਦੇ ਨਾਲ **'ਰਾਜਾ ਰੁਦਰ ਪ੍ਰਤਾਪ'** ਨੂੰ ਵੀ ਦੀਖਿਆ ਦੇ ਕੇ ਕ੍ਰਿਤਾਰਥ ਕੀਤਾ। ਰਾਜੇ ਨੇ ਗੁਰੂਦੇਵ ਜੀ ਦੀ ਯਾਦ ਵਿੱਚ ਸਮੁੰਦਰੀ ਤਟ ਤੇ, ਜਿੱਥੇ ਉਨ੍ਹਾਂ ਦਾ ਆਸਣ ਲੱਗਿਆ ਹੋਇਆ ਸੀ, ਸੁੰਦਰ **ਧਰਮਸਾਲਾ ਬਣਵਾਈ** ਜਿੱਸ ਵਿੱਚ ਹਰ ਰੋਜ਼ ਨਿਰੰਤਰ ਨਿਰਗੁਣ ਪ੍ਰਭੂ ਦੀ ਉਸਤੱਤ ਗਾਈ ਜਾਣ ਲੱਗੀ।



ਗੁਰੂ ਜੀ ਕਰਤਾਪੁਰਖ ਦੀ ਆਰਤੀ ਦਾ ਅਸਲ ਦ੍ਰਿਸ਼ ਦ੍ਰਿਸ਼ਟਮਾਨ ਕਰਦੇ ਹੋਏ ਪੁਰੀ ਨਗਰ




## ਪਾਖੰਡੀ ਸਾਧੂ, (ਪੁਰੀ)

ਸ੍ਰੀ ਗੁਰੂ ਨਾਨਕ ਦੇਵ ਜੀ ਇਕ ਦਿਨ ਪੁਰੀ ਨਗਰ ਵਿੱਚ ਸਮੁੰਦ੍ਰੀ ਤਟ ਤੇ ਘੁੰਮ ਰਹੇ ਸਨ ਤਾਂ ਇਕ ਸਾਧੂ ਮਦਾਰੀ ਦੀ ਤਰਾਂ ਮਜਮਾ ਲਗਾ ਰਿਹਾ ਸੀ। ਭਾਈ ਮਰਦਾਨਾ ਜੀ ਵੀ ਉੱਥੇ ਜਾ ਖੁਲੋਤੇ ਉਹ ਸਾਧੂ ਅੱਖਾਂ ਬੰਦ ਕਰਕੇ **ਇੰਦ੍ਰ ਲੋਕ, ਸ਼ਿਵਲੋਕ, ਵਿਸ਼ਣੂਪੁਰੀ, ਧਰੁਵਪੁਰੀ** ਇਤਿਆਦਿ ਦੀਆਂ ਕਾਲਪਨਿਕ ਕਥਾਵਾਂ ਰਚ-ਰਚ ਕੇ ਲੋਕਾਂ ਨੂੰ ਸੁਣਾ ਰਿਹਾ ਸੀ। ਲੋਕ ਉਸ ਤੋਂ ਪ੍ਰਭਾਵਿਤ ਹੋ ਕੇ ਉਸ ਦੇ ਅੱਗੇ ਰਖੇ ਹੋਏ ਲੋਟੇ ਵਿੱਚ ਸ਼੍ਰਧਾ ਅਨੁਸਾਰ ਪੈਸੇ ਪਾਈ ਜਾ ਰਹੇ ਸਨ।

ਗੁਰੂਦੇਵ ਜੀ ਨੇ ਸਾਰੇ ਸਰੋਤਿਆਂ ਨੂੰ ਚੁੱਪ ਰਹਿਣ ਦਾ ਸੰਕੇਤ ਕੀਤਾ ਅਤੇ ਭਾਈ ਮਰਦਾਨਾ ਜੀ ਨੂੰ ਇਸ਼ਾਰਾ ਕੀਤਾ ਕਿ ਉਸ ਦਾ ਮਾਇਆ ਵਾਲਾ ਲੋਟਾ ਉਸ ਦੇ ਅੱਗੋਂ ਚੁਕ ਕੇ ਉਸ ਦੇ ਪਿੱਛੇ ਰੱਖ ਦੇਵੋ।

ਕੁਝ ਸਮੇਂ ਬਾਦ ਸਾਧੂ ਨੇ ਅੱਖਾਂ ਖੋਲੀਆਂ ਤਾਂ ਲੋਟਾ ਨ ਵੇਖ ਕੇ ਬਹੁਤ ਛਟਪਟਾਇਆ ਅਤੇ ਪੁੱਛਣ ਲੱਗਾ ਕਿ ਮੇਰਾ ਲੋਟਾ ਕਿਸ ਨੇ ਚੁੱਕਿਆ ਹੈ? ਕੌਣ ਹੈ ਜੋ ਸਾਧੂਆਂ ਨਾਲ ਮਸਖਰੀਆਂ ਕਰਦਾ ਹੈ? ਮੈਂ ਉਸ ਨੂੰ ਸਰਾਪ ਦੇ ਦੇਵਾਂਗਾ।

ਗੁਰੂਦੇਵ ਜੀ ਨੇ ਕਿਹਾ, "ਆਪ ਨਾਰਾਜ ਨ ਹੋਵੇ ਆਪ ਨੂੰ ਤਾਂ ਦਿਭ ਦ੍ਰਿਸ਼ਟੀ ਮਿਲੀ ਹੋਈ ਹੈ। ਇਸ ਲਈ ਤੁਸੀਂ ਖੁਧ ਹੀ ਅੰਤਰ ਧਿਆਨ ਹੋਕੇ ਅਪਨਾ ਲੋਟਾ ਲਭ ਲਵੋ ਕਿਉਂਕਿ ਉਹ ਤਾਂ ਇਸ ਮਾਤ ਲੋਕ ਵਿੱਚ ਹੀ, ਇੱਥੇ-ਕਿਤੇ ਹੀ ਹੋਵੇਗਾ"। ਇਹ ਤਰਕ ਸੁਣਕੇ ਢੋਂਗੀ ਸਾਧੂ ਬਹੁਤ ਕਲਪਿਆ ਕਿਉਂਕਿ ਉਹ ਇਸ ਵਕਤ ਪੂਰੀ ਤਰਾਂ ਆਪਣੇ ਹੀ ਚੁੰਗਲ ਵਿੱਚ ਫਸ ਚੁਕਾ ਸੀ। ਇਹ ਖੇਡ ਦੇਖ ਕੇ ਸਾਰੇ ਦਰਸ਼ਕ ਹਸਣ ਲੱਗੇ ਕਿ ਹੁਣ ਸਾਧੂ ਬਾਬੇ ਦੀ ਪੋਲ ਖੁੱਲ ਗਈ ਹੈ। ਗੁਰੂਦੇਵ ਜੀ ਨੇ ਕਿਹਾ, "ਸਾਧੂ ਬਾਬਾ ਕਿਉਂ ਢੋਂਗ ਰਚਦੇ ਹੋ? ਤੈਨੂੰ ਤਾਂ ਅਪਣੇ ਪਿੱਛੇ ਪਿਆ ਹੋਇਆ ਲੋਟਾ ਵੀ ਵਿਖਾਈ ਨਹੀਂ ਦੇਂਦਾ ਪਰ ਗੱਲਾਂ ਕਰਦੇ ਹੋ ਇੰਦਰ ਲੋਕ ਅਤੇ ਵਿਸ਼ਣੂ ਲੋਕ ਦੀਆਂ। ਜਿਨਾਂ ਦੀ ਹੋਂਦ ਹੀ ਨਹੀਂ ਹੈ!"

ਸਚਾਈ ਸੁਣ ਕੇ ਢੋਂਗੀ ਬਾਬਾ ਬਹੁਤ ਸ਼ਰਮਿੰਦਾ ਹੋਇਆ ਅਤੇ ਤੁਰੰਤ ਮੰਨ ਲਿਆ ਕਿ ਇਹ ਉਸ ਦੀ ਰੋਜੀ-ਰੋਟੀ ਦਾ ਸਾਧਨ ਹੈ। ਅਸਲ ਵਿੱਚ ਉਸ ਨੂੰ ਕੁਝ ਵੀ ਵਿਖਾਈ ਨਹੀਂ ਦੇਂਦਾ।

ਗੁਰੂਦੇਵ ਜੀ ਨੇ ਉਸ ਨੂੰ ਉਪਦੇਸ਼ ਦਿੱਤਾ ਕਿ ਸਿਰਫ ਅਪਣੀ ਰੋਜ਼ੀ ਲਈ ਜੀਵਨ ਨੂੰ ਝੂਠੀਆਂ ਕਹਾਣੀਆਂ ਦਾ ਪ੍ਰਚਾਰ ਕਰਕੇ ਨਸ਼ਟ ਨ ਕਰੋ। ਇਹ ਤਾਂ ਦੁੱਗਣਾ ਪਾਪ ਹੈ ਕਿਉਂਕਿ ਲੋਕ ਇਨ੍ਹਾਂ ਗੱਪਾਂ ਨੂੰ ਸੱਚ ਮੰਨ ਕੇ ਭਟਕਦੇ ਰਹਿੰਦੇ ਹਨ। ਫਿਰ ਗੁਰੂਦੇਵ ਜੀ ਨੇ ਇਹ ਧੁਰ ਕੀ ਬਾਣੀ ਉਚਾਰਣ ਕੀਤੀ:-

"ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥ ਥਾਨਸਟ ਜਗ ਭਰਿਸਟ ਹੋਏ ਡੂਬਦਾ ਇਵ ਜਗੁ ॥੧॥
ਕਲ ਮਹਿ ਰਾਮ ਨਾਮੁ ਸਾਰੁ ॥ "ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ ਰਹਾਉ ॥
ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥ ਮਗਰ ਪਾਛੈ ਕਛੁ ਨ ਸੂਝੈ ਇਹੁ ਪਦਮੁ ਅਲੋਅ ॥੨॥
ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥ ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥੩॥
ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥ ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥੪॥੬॥੮॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੬੬੨

ਇਸ ਤਰਾਂ ਢੋਂਗੀ ਬਾਬੇ ਦਾ ਸੁਧਾਰ ਹੋ ਗਿਆ। ਉਸ ਨੇ ਕਾਲਪਨਿਕ ਕਹਾਣੀਆਂ ਸੁਨਾਉਣੀਆਂ ਬੰਦ ਕਰ ਦਿੱਤੀਆਂ।

## ਕਲਯੁਗ ਪੰਡਾ (ਪੁਰੀ)

ਜਗਨਾਥ ਮੰਦਿਰ ਦਾ ਪ੍ਰਮੁੱਖ ਪੰਡਾ, ਜਿਸ ਦਾ ਨਾਮ **'ਕਲਿਯੁਗ'** ਸੀ, ਉਹ ਗੁਰੂ ਨਾਨਕ ਦੇਵ ਜੀ ਦੀ ਬਹੁਪ੍ਰਕਾਰੀ ਪ੍ਰਤਿਭਾ ਵੇਖ ਕੇ ਦੁਬਿਧਾ ਵਿੱਚ ਪੈ ਗਿਆ। ਇਕ ਤਰਫ ਉਸ ਦਾ ਅਪਣਾ ਸਿਧਾਂਤ, ਮੂਰਤੀ ਪੂਜਾ ਸੀ ਅਤੇ ਦੂਜੇ ਪਾਸੇ ਗੁਰੂਦੇਵ ਜੀ ਦੁਆਰਾ ਦਰਸਾਇਆ **ਸੱਤਿ ਦਾ ਮਾਰਗ ।** ਉਹ ਨਿਰਣਾ ਨਹੀਂ ਕਰ ਪਾ ਰਿਹਾ ਸੀ ਕਿ ਹੁਣ ਕਿਸ ਮਾਰਗ ਤੇ ਪਹਿਰਾ ਦਿੱਤਾ ਜਾਏ। ਜੇਕਰ ਉਹ ਅਪਣੇ ਮਾਰਗ ਤੇ ਚਲਦਾ ਹੈ ਤਾਂ ਇਸ ਵਿਅਰਥ ਮਾਰਗ ਨਾਲ ਉਸ ਦੇ ਸਾਰੇ ਕਰਮ ਨਿਸਫਲ ਚਲੇ ਜਾਵਣਗੇ ਅਤੇ ਜੇਕਰ ਗੁਰੂਦੇਵ ਜੀ ਦੀ ਸਿੱਖਿਆ ਅਨੁਸਾਰ ਚਲੇ ਤਾਂ ਵੀ ਕਠਿਨਾਈਆਂ ਹੀ ਹਨ।

ਦੁਬਿਧਾ ਕਾਰਣ ਉਹ ਇਸ ਨਿਰਣੇ ਤੇ ਪੁਜਿਆ ਕਿ ਇਕ ਵਾਰ ਫਿਰ ਤੋਂ ਗੁਰੂ ਜੀ ਦੀ ਪਰੀਖਿਆ ਲਈ ਜਾਏ ਅਤੇ ਜਾਨਿਆ ਜਾਏ ਕਿ ਉਹ ਅਸਲ ਵਿੱਚ ਕਰਣੀ ਤੇ ਕਥਨੀ ਦੇ ਸੂਰਬੀਰ ਹਨ ਯਾ ਉਨ੍ਹਾਂ ਨੇ ਇਤਿਫਾਕੀਆ ਹੀ ਸਾਨੂੰ ਪ੍ਰਭਾਵਿਤ ਕੀਤਾ ਹੈ?

ਇਹ ਸੋਚ ਕੇ ਪ੍ਰਮੁਖ ਪੁਜਾਰੀ, ਪੰਡੇ **'ਕਲਿਯੁਗ'** ਨੇ ਇਕ ਜੁਗਤੀ ਬਣਾ ਲਈ ਕਿ ਜਦੋਂ ਕਦੇ ਗੁਰੂਦੇਵ ਜੀ ਇਕਾਂਤ ਵਿੱਚ ਸਮੁੰਦਰ ਕਿਨਾਰੇ ਤੇ ਹੋਵਨ, ਜੁਆਰ ਭਾਟਾ ਆ ਰਿਹਾ ਹੋਵੇ ਤਾਂ ਉਨ੍ਹਾਂ ਨੂੰ ਭੈ ਭੀਤ ਕੀਤਾ ਜਾਵੇ। ਜਿਸ ਨਾਲ ਉਨ੍ਹਾਂ ਦੇ ਆਤਮ ਵਿਸ਼ਵਾਸ ਦੀ ਪਰੀਖਿਆ ਹੋ ਜਾਵੇਗੀ ਕਿ ਉਹ ਨਿਰਾਕਾਰ ਪ੍ਰਭੂ ਵਿੱਚ ਕਿਤਨੀ ਆਸਥਾ ਰਖਦੇ ਹਨ?

ਸਬੱਬ ਨਾਲ ਇਕ ਦਿਨ ਗੁਰੂਦੇਵ ਜੀ ਭਾਈ ਮਰਦਾਨਾ ਨਾਲ ਸਮੁੰਦਰ ਤੱਟ ਤੇ ਟਹਿਲ ਰਹੇ ਸਨ ਕਿ ਪੰਡੇ ਵਲੋਂ ਛੱਡੀਆਂ ਅਣਪਛਾਤੀਆਂ ਭੈੜੀਆਂ ਸ਼ੱਕਲਾਂ ਨੇ ਦੂਰ ਤੋਂ ਉਨ੍ਹਾਂ ਤੇ ਅੱਗ ਦੇ ਗੋਲੇ ਸੁੱਟਣੇ ਸ਼ੁਰੂ ਕਰ ਦਿੱਤੇ ਅਤੇ ਡਰਾਵਣੀਆਂ ਅਵਾਜ਼ਾਂ ਨਾਲ ਗੁਰੂਦੇਵ ਜੀ ਨੂੰ ਭੈਭੀਤ ਕਰਣ ਦੀ ਕੋਸ਼ਿਸ਼ ਕਰਣ ਲੱਗੇ। ਪ੍ਰੰਤੂ ਅੱਗ ਦੇ ਗੋਲੇ ਗੁਰੂਦੇਵ ਜੀ ਦੇ ਨੇੜੇ ਵੀ ਨਹੀਂ ਆਏ । ਇਸ ਪਿਛੋਂ ਜੁਆਰ ਭਾਟਾ ਦੇ ਕਾਰਣ ਸਮੁੰਦਰੀ ਤੂਫਾਨ ਚੱਲਣ ਲੱਗਾ। ਗੁਰੂਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਕਿਹਾ, ਰਬਾਬ ਛੇੜੋ, ਬਾਣੀ ਆਈ ਹੈ।" ਤੁਫਾਨ ਰੁਕਣ ਲੱਗਾ। ਸ਼ਬਦ ਕੀਰਤਨ ਹੋਣ ਤੇ ਵਾਤਾਵਰਣ ਸ਼ਾਂਤ ਹੋ ਗਿਆ।

"ਏਕੁ ਅਚਾਰੁ ਰੰਗੁ ਇਕੁ ਰੂਪੁ ॥ਪਉਣ ਪਾਣੀ ਅਗਨੀ ਅਸਰੂਪੁ ॥ਏਕੋ ਭਵਰੁ ਭਵੈ ਤਿਹੁ ਲੋਇ ॥
ਏਕੋ ਬੂਝੈ ਸੂਝੈ ਪਤਿ ਹੋਇ ॥ਗਿਆਨੁ ਧਿਆਨੁ ਲੇ ਸਮਸਰਿ ਰਹੈ ॥ਗੁਰਮੁਖਿ ਏਕੁ ਵਿਰਲਾ ਕੋ ਲਹੈ॥
ਜਿਸਨੋ ਦੇਇ ਕਿਰਪਾ ਤੇ ਸੁਖੁ ਪਾਏ॥ਗੁਰੂ ਦੁਆਰੈ ਆਖਿ ਸੁਣਾਏ॥੭॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੯੩੦

ਉਪ੍ਰੰਤ ਕਲਿਯੁਗ ਪੰਡਾ, ਗੁਰੂਦੇਵ ਜੀ ਦੇ ਚਰਨਾਂ ਵਿੱਚ ਰਤਨਾਂ ਨਾਲ ਭਰਿਆ ਹੋਇਆ ਥਾਲ ਰੱਖ ਕੇ ਕਹਿਣ ਲੱਗਾ, **"ਮੇਰੀ ਇਹ ਤੁੱਛ ਜਹੀ ਭੇਟਾ ਆਪ ਸਵੀਕਾਰ ਕਰੋ।"** ਗੁਰੂਦੇਵ ਜੀ ਨੇ ਆਖਿਆ, "ਪੰਡਾ ਜੀ, ਇਹ ਧਨ ਪਦਾਰਥ ਸਾਡੇ ਕਿਸੇ ਕੰਮ ਨਹੀਂ, ਸਾਡਾ ਉਦੇਸ਼, ਪ੍ਰਭੂ ਦਾ ਨਾਮ ਜਪਣਾ ਅਤੇ ਜਪਾਉਣਾ ਹੈ।

ਤਦ ਉਨ੍ਹਾਂ ਨੇ ਇਹ ਅਲਾਹੀ ਬਾਣੀ ਉਚਾਰਣ ਕੀਤੀ-

"ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ਰਹਾਉ॥ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥
ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੧੪

ਗੁਰੂਦੇਵ ਜੀ ਨੇ ਆਖਿਆ, ਇਹ ਵਸਤੂਆਂ ਸਦੀਵੀ ਨਹੀਂ ਹੁੰਦੀਆ, ਦੁੱਖਾਂ ਦਾ ਕਾਰਣ ਬਣਦੀਆਂ ਹਨ। ਕਿਉਂਕਿ ਇਨ੍ਹਾਂ ਕਰਕੇ ਮਨੁੱਖ ਨੂੰ ਝੂਠਾ ਅਹੰਕਾਰ ਹੋ ਜਾਂਦਾ ਹੈ ਜੋ ਕਿ ਮਨੁੱਖ ਦੀ ਅਧੋਗਤੀ ਦਾ ਕਾਰਣ ਬਣਦਾ ਹੈ।"


ਜਦੋਂ **'ਕਲਿਯੁਗ ਪੰਡੇ'** ਨੂੰ ਇਹ ਅਹਿਸਾਸ ਹੋ ਗਿਆ ਕਿ ਗੁਰੂਦੇਵ ਜੀ ਅਸਲ ਵਿੱਚ ਧਨ-ਦੋਲਤ ਅਤੇ ਵਿਲਾਸਤਾ ਆਦਿ ਕਮਜੋਰੀਆਂ ਤੋਂ ਮੁਕਤ ਹਨ ਤਾਂ ਉਹ ਗੁਰੂਦੇਵ ਜੀ ਨੂੰ ਕਹਿਣ ਲੱਗਾ, "ਮੈਂ ਤੁਹਾਡੇ ਦ੍ਰਸਾਏ ਮਾਰਗ ਤੇ ਚੱਲਾਂਗਾ। ਇਸ ਲਈ ਮੈਨੂੰ ਗੁਰੂ ਦੀਖਿਆ ਦੇ ਕੇ ਨਿਵਾਜੋ। ਮੈਂ ਆਪ ਦਾ ਸਿੱਖ ਹੋਣਾ ਚਾਹੁੰਦਾ ਹਾਂ।"

ਗੁਰੂਦੇਵ ਜੀ ਕਲਿਜੁਗ ਪੰਡੇ ਤੇ ਅਤੀ ਪ੍ਰਸੰਨ ਹੋਏ ਅਤੇ ਉਸ ਨੂੰ ਉਸ **ਖੇਤਰ ਦਾ ਪ੍ਰਚਾਰਕ ਥਾਪ ਦਿੱਤਾ।**

ਉਥੋਂ ਦੇ ਸਥਾਨਿਕ ਨਿਵਾਸੀਆਂ ਨੇ ਗੁਰੂਦੇਵ ਜੀ ਦੇ ਸਨਮੁੱਖ ਬੇਨਤੀ ਕੀਤੀ ਕਿ ਇਥੋਂ ਦਾ ਪਾਣੀ ਖਾਰਾ ਹੈ। ਗੁਰੂਦੇਵ ਜੀ ਨੇ ਇਕ ਬਾਉਲੀ (ਖੂਹ) ਪੁੱਟਨ ਲਈ ਕਿਹਾ। ਮਿੱਠਾ ਜਲ ਨਿਕਲ ਆਇਆ ਜਿਸ ਨਾਲ ਉਨ੍ਹਾਂ ਲੋਕਾਂ ਦੀ ਇੱਛਾ ਪੂਰੀ ਹੋ ਗਈ। ਉਹ **ਮਿੱਠੇ ਜਲ ਦਾ ਸੋਮਾਂ** ਗੁਰੂਦੇਵ ਜੀ ਦੀ ਯਾਦ ਵਿੱਚ ਅੱਜ ਵੀ ਉੱਥੇ ਸੁਭਾਇਮਾਨ ਹੈ ਅਤੇ ਉਸ ਵਿਚੋਂ ਨਿਰੰਤਰ ਜਲ ਵਹਿ ਰਿਹਾ ਹੈ।

ਉਨ੍ਹੀਂ ਦਿਨੀਂ **'ਭਗਤ ਚੈਤੰਨਏ'** ਪੁਰੀ ਦੀ ਯਾਤ੍ਰਾ ਤੇ ਆਇਆ ਹੋਇਆਂ ਸੀ। ਉਸ ਨੂੰ ਵੀ ਗੁਰੂਦੇਵ ਜੀ ਦੇ ਦਰਸ਼ਨ ਕਰਣ ਦਾ ਸੁਭਾਗ ਪ੍ਰਾਪਤ ਹੋਇਆ। ਉਸ ਨੇ ਗੁਰੂਦੇਵ ਜੀ ਨਾਲ ਅਧਿਆਤਮਿਕ ਵਿਸ਼ਿਆਂ ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਨਿਰਾਕਾਰ ਪ੍ਰਭੂ ਦੀ ਉਪਾਸ਼ਨਾ ਦਾ ਉਪਦੇਸ਼ ਧਾਰਣ ਕੀਤਾ।

ਗੁਰੂਦੇਵ ਜੀ ਕੁਝ ਮਹੀਨੇ ਪੁਰੀ ਵਿੱਚ ਠਹਿਰ ਕੇ ਉੱਥੋਂ ਬੰਗਾਲ ਅਤੇ ਆਸਾਮ ਦੀ ਯਾਤਰਾ ਲਈ ਚੱਲ ਪਏ।




ਗੁਰੂਦੇਵ ਜੀ ਕਲਿਯੁਗ ਪੰਡੇ ਨਾਲ ਨਜਿਠਦਿਆਂ ਪੁਰੀ (ਉੜੀਸ਼ਾ)



ਜਗਨਨਾਥ ਮੰਦਿਰ ਪੁਰੀ (ਉੜੀਸ਼ਾ)



ਗੁਰਦੁਆਰਾ ਨਾਨਕਚਸਮਾਂ (ਅੰਦਰਲਾ ਦ੍ਰਿਸ਼) ਜਗਨਨਾਥ ਪੁਰੀ (ਉੜੀਸ਼ਾ)

**ਕੋਲਕਤਾ (ਬੰਗਾਲ):** ਗੁਰੂ ਜੀ ਸਾਥੀਆਂ ਸਮੇਤ **ਪੁਰੀ/ਕਟਕ ਤੋਂ 400** ਕਿ.ਮੀ. ਚਲ ਕੇ ਇਤਿਹਾਸਿਕ ਸ਼ਹਿਰ ਜੱਜਪੁਰ, ਜੋ 473 ਸੀ.ਈ. ਵਿੱਚ ਬੋਧੀ ਰਾਜਧਾਨੀ ਸੀ ਅਤੇ ਹੋਰ ਬਹੁਤ ਸਾਰੇ ਛੋਟੇ ਵੱਡੇ ਇਤਿਹਾਸਿਕ ਅਸਥਾਨਾਂ ਤੇ ਠਹਿਰ ਕੇ ਅਲਾਹੀ ਕੀਰਤਨ ਅਤੇ ਪ੍ਰਵਚਨ ਕਰਦੇ ਹੋਏ ਗੁਰੂ ਜੀ ਕੋਲਕਤਾ ਪਹੁੰਚ ਗਏ।



**ਅਜੋਕਾ ਸ਼ਹਿਰ ਕੋਲਕਾਤਾ ਦੋ ਪੁਰਾਤਨ ਸ਼ਹਿਰਾਂ, ਹਾਵੜਾ ਤੇ ਹੁਗਲੀ ਨੂੰ ਮਿਲਾ ਕੇ ਬਣਦਾ ਹੈ।**

ਉੱਥੋਂ ਦੇ ਨਾਗਰਿਕਾਂ ਦਾ ਪਸ਼ੂਆਂ ਵਰਗਾ ਜੀਵਨ ਵੇਖ ਕੇ ਗੁਰੂ ਜੀ ਨੂੰ ਬਹੁਤ ਤਰਸ ਆਇਆ। ਕਿਉਂਕਿ ਕਾਮਿਆਂ ਦੀਆਂ ਬਸਤੀ ਵਿੱਚੋਂ ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਬਦਬੂ, ਮੱਖੀ ਮੱਛਰਾਂ ਦੀ ਬਹੁਤਾਤ ਸੀ। ਬੀਮਾਰੀਆਂ ਕਾਰਨ ਲੋਕ ਮਰ ਰਹੇ ਸਨ। ਉੱਥੋਂ ਦੇ ਅਮੀਰ ਲੋਕਾਂ ਨੂੰ ਗਰੀਬ ਵਰਗ ਨਾਲ ਕੋਈ ਹਮਦਰਦੀ ਨਹੀਂ ਸੀ।

ਗੁਰੂਦੇਵ ਜੀ ਨੇ ਸਭ ਵਰਗਾਂ ਦੇ ਲੋਕਾਂ ਨੂੰ ਵਿਸ਼ਵਾਸ ਵਿੱਚ ਲੈ ਕੇ ਜਾਗ੍ਰਿਤੀ ਲਿਆਉਂਣ ਵਾਸਤੇ **ਸੇਵਾ ਸੰਮਤੀ ਦਾ ਕਠਨ ਕੀਤਾ।** ਜਿਨ੍ਹਾਂ ਨੇ ਘਰਿ-ਘਰਿ ਜਾ ਕੇ ਬੀਮਾਰਾਂ ਦੀ ਸੇਵਾ ਆਰੰਭ ਦਿੱਤੀ। ਇਹ ਸੇਵਾ ਸਾਰੇ ਕਾਲੀਘਾਟ ਅਤੇ ਨੇੜੇ ਦੇ ਕਸਬਿਆਂ, **ਚੁਟਾਨੀ** ਅਤੇ **ਗੋਬਿੰਦਪੁਰ ਵਿੱਚ** ਵੀ ਹੋਣ ਲੱਗੀ। ਗੁਰੁਦੇਵ ਜੀ ਥਾਂ-ਥਾਂ ਜਾਕੇ ਦੀਨ-ਦੁਖੀਆਂ ਦੀ ਸਹਾਇਤਾ ਲਈ ਲੋਕਾਂ ਨੂੰ ਪ੍ਰੇਰਨਾ ਕਰਦੇ ਕਿ **ਸਾਰੀ ਮਨੁੱਖ ਜਾਤਿ ਇਕ ਸਮਾਨ** ਹੈ। ਸਾਰਿਆਂ ਦੀਆਂ, ਰੋਟੀ, ਕਪੜਾ ਅਤੇ ਮਕਾਨ, ਮੁਢਲੀਆਂ ਲੋੜਾਂ ਦੀ ਪੂਰਤੀ ਹੋਣੀ ਚਾਹੀਦੀ ਹੈ।

ਗੁਰੁਦੇਵ ਜੀ ਦੀ ਅਗਵਾਈ ਵਿੱਚ ਗਰੀਬੀ ਦੇ ਵਿਰੁਧ **ਜਨ-ਐਦੋਲਨ ਪ੍ਰਾਰੰਭ ਹੋ ਗਿਆ।** ਬਿਮਾਰੀਆਂ ਦਾ ਕਾਰਣ ਗੰਦੀਆਂ ਬਸਤੀਆਂ ਸਨ। ਇਸ ਲਈ ਨਵੀਆਂ ਆਧੁਨਿਕ ਬਸਤੀਆਂ ਬਣਾਉਣ ਲਈ ਕਾਰ ਸੇਵਾ ਸ਼ੁਰੂ ਹੋ ਗਈ।

ਨਵੀਂ ਬਸਤੀ ਵਿੱਚ ਬੇ-ਸਹਾਰਾ, ਬੀਮਾਰ ਅਤੇ ਘੱਟ ਆਮਦਨੀ ਵਾਲਿਆਂ ਨੂੰ ਪਹਿਲਾਂ ਵਸਾਇਆ ਗਿਆ। ਇਸ ਤਰਾਂ ਗੁਰੁਦੇਵ ਜੀ ਨੇ ਉਥੇ ਸਮਾਜਿਕ ਕ੍ਰਾਂਤੀ **ਜਨ-ਜੀਵਨ ਵਿੱਚ ਇਕ ਨਵਾਂ ਮੋੜ ਲਿਆਂਦਾ।**

ਇਸ ਕਾਰਜ ਨੂੰ ਅੱਗੇ ਵਧਾਉਣ ਲਈ **ਕਾਲੀਘਾਟ** ਵਿੱਚ ਇਕ ਧਰਮਸਾਲਾ ਬਣਾਵਾਈ ਅਤੇ ਸੇਵਾ ਸੰਮਤੀਆਂ ਦਾ ਗਠਨ ਕਰਕੇ ਸਹਿਜੇ-ਸਹਿਜੇ ਚੁਟਾਨੀ ਅਤੇ ਗੋਬਿੰਦਪੁਰ ਕਸਬੇ ਵਿੱਚ ਵੀ ਧਰਮਸਾਲਾ ਬਣਵਾ ਕੇ ਗੁਰੂਜੀ ਨੇ ਸਤਿਸੰਗ ਦੀ


ਸਥਾਪਨਾ ਕੀਤੀ। ਜਿੱਥੇ ਪਿਛੋਂ **ਬੜੀ ਸੰਗਤ** ਅਤੇ **ਛੋਟੀ ਸੰਗਤ** ਗੁਰਦੁਆਰੇ ਉਸਾਰੇ ਗਏ। ਆਪ ਜੀ ਦੀ ਪ੍ਰੇਰਨਾ ਨਾਲ ਹਰਇਕ ਵਰਗ ਦੇ ਲੋਕ ਹਰਰੋਜ਼ ਸਤਿਸੰਗ ਅਤੇ ਕੀਰਤਨ ਸੁਣਨ ਮਗਰੋਂ ਦੁਖੀ ਲੋਕਾਂ ਦੀ ਸੇਵਾ ਵਿੱਚ ਜੁੱਟ ਜਾਂਦੇ। ਜਿਸ ਨਾਲ **ਉੱਥੇ ਇਕ ਆਦਰਸ਼ ਸਮਾਜ ਦੀ ਸਥਾਪਨਾ ਹੋ ਗਈ। ਗੁਰੂਦੇਵ ਜੀ ਇੱਥੇ ਲਗਭਗ ਇਕ ਸਾਲ ਰਹਿ ਕੇ ਦੀਨ ਦੁਖੀਆਂ ਦੀ ਸੇਵਾ ਕਰਦੇ ਰਹੇ।**

**ਗੁਰਦੁਆਰਾ ਬਾਘ ਮਾਰੀ ਕਾਲੀ ਘਾਟ:-** ਇਸ ਥਾਂ ਤੇ ਇਕ ਬਾਘ (ਸ਼ੇਰ) ਹਰ ਰੋਜ਼ ਆਇਆ ਕਰਦਾ ਸੀ। ਜੋ ਬਹੁਤ ਜਾਨੀ ਨੁਕਸਾਨ ਕਰਕੇ ਚਲਾ ਜਾਂਦਾ ਸੀ।


ਗੁਰੂਦੇਵ ਜੀ ਨੇ ਇੱਥੇ ਬਹੁਤ ਦਿਨ ਰਹਿ ਕੇ ਅਲਾਹੀ ਕੀਰਤਨ ਦਾ ਆਨੰਦ ਮਾਣਿਆਂ। ਇਸ ਉਪ੍ਰੰਤ ਉਹ ਬਾਘ ਉੱਥੇ ਕਦੀ ਦਿਖਾਈ ਨਹੀਂ ਦਿੱਤਾ। ਹੁਣ ਉਸ ਅਸਥਾਨ ਤੇ **ਗੁਰਦੁਆਰਾ ਬਾਘ ਮਾਰੀ** ਸੁਸ਼ੋਬਤ ਹੈ। ਉੱਥੇ ਨਿਤਾ ਪ੍ਰਤੀ ਅਲਾਹੀ ਕੀਤਰਨ ਦਾ ਪ੍ਰਵਾਹ ਚਲਦਾ ਰਹਿੰਦਾ ਹੈ।



**ਗੁਰਦੁਵਾਰਾ ਸਾਹਿਬ ਜੀ, ਛੋਟੀਸੰਗਤ ਕੋਲਕਾਤਾ**



ਗੁਰਦੁਵਾਰਾ ਸਾਹਿਬ ਜੀ, ਵੱਡੀਸੰਗਤ ਕੋਲਕੱਤਾ (ਬੰਗਾਲ)



HISTORIC PILLAR LESS HOWRAH BRIDGE

(705 Mtr. LONG 82 Mtr. HEIGHT & 24 Mtr. WIDE)